Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

TOP 4% TREB REALTOR 2018
Buy With $0 Down Program
Royal Canadian
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 19 *Issue 27 Tuesday, February 11, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਸੱਦਾ ਮਿਲੇ ਬਿਨਾਂ ਕੈਨੇਡੀਅਨ ਸੈਨਿਕ ਇਰਾਕ ਨਹੀਂ ਜਾਣਗੇ : ਸ਼ੈਂਪੇਨ



ਅਲੀ ਅਲ ਸਾਲੇਮ ਏਅਰ ਬੇਸ, ਕੁਵੈਤ, 10 ਫਰਵਰੀ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਸੋਮਵਾਰ ਨੂੰ ਆਖਿਆ ਕਿ ਕੈਨੇਡਾ ਦੇ ਸੈਨਿਕ ਇਰਾਕੀ ਸਕਿਊਰਿਟੀ ਸੈਨਾਵਾਂ ਨੂੰ ਟਰੇਨਿੰਗ ਦੇਣ ਲਈ ਕਾਹਲੇ ਹਨ ਪਰ ਇਹ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਕੈਨੇਡਾ ਨੂੰ ਆਪਣੇ ਸੈਨਿਕਾਂ ਦੀ ਸੁਰੱਖਿਆ ਦਾ ਯਕੀਨ ਨਹੀਂ ਹੋ ਜਾਂਦਾ ਤੇ ਇਰਾਕ ਉਨ੍ਹਾਂ ਨੂੰ ਪਰਤਣ ਲਈ ਨਹੀਂ ਆਖਦਾ।


ਸ਼ੈਂਪੇਨ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਕੁਵੈਤ ਵਿੱਚ ਅਚਨਚੇਤੀ ਦੌਰੇ ਉੱਤੇ ਸਨ। ਉਹ ਅਲੀ ਅਲ ਸਾਲੇਮ ਏਅਰ ਬੇਸ ਉੱਤੇ ਕੈਨੇਡੀਅਨ ਸੈਨਿਕਾਂ ਨਾਲ ਮੁਲਾਕਾਤ ਕਰਨ ਲਈ ਗਏ ਸਨ। ਇੱਥੇ ਮੌਜੂਦ ਕਈ ਸੈਨਿਕਾਂ ਨੂੰ ਅਜੇ ਪਿਛਲੇ ਮਹੀਨੇ ਹੀ ਇੱਥੇ ਲਿਆਂਦਾ ਗਿਆ ਹੈ ਉਹ ਵੀ ਅਮਰੀਕੀ ਡਰੋਨ ਹਮਲੇ ਵਿੱਚ ਬਗਦਾਦ ਵਿੱਚ ਮਾਰੇ ਗਏ ਇਰਾਨੀ ਜਨਰਲ ਸੁਲੇਮਾਨੀ ਦੀ ਮੌਤ ਤੋਂ ਬਾਅਦ ਪੈਦਾ ਹੋਏ ਤਣਾਅ ਤੋਂ ਬਾਅਦ ਅਜਿਹਾ ਕੀਤਾ ਗਿਆ।

ਇਰਾਕ ਦੀ ਸਰਹੱਦ ਤੋਂ 40 ਕਿਲੋਮੀਟਰ ਪੂਰਬ ਵੱਲ ਇਸ ਹਵਾਈ ਟਿਕਾਣੇ ਉੱਤੇ ਕੈਂਪ ਕੈਨੇਡਾ ਵਿੱਚ 100 ਦੇ ਨੇੜੇ ਤੇੜੇ ਕੈਨੇਡੀਅਨ ਸੈਨਿਕਾਂ ਨਾਲ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ 2020 ਦੀ ਇਹ ਗੁੰਝਲਦਾਰ ਸ਼ੁਰੂਆਤ ਹੈ। ਕੈਂਪ ਕੈਨੇਡਾ ਆਪਰੇਸ਼ਨ ਇੰਪੈਕਟ ਦਾ ਹਿੱਸਾ ਹੈ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

### ਮਿਲਟਨ ਵਿੱਚ ਹਾਈਕਿੰਗ ਉੱਤੇ ਗਏ ਪਿਓ ਧੀ ਦੀਆਂ ਮਿਲੀਆਂ ਲਾਸ਼ਾਂ



ਪੰਨਾ 03

### ਕਬੱਡੀ ਟੀਮ ਬਿਨਾਂ ਮਨਜ਼ੂਰੀ ਤੋਂ ਪਾਕਿਸਤਾਨ ਜਾਣ ਨਾਲ ਸੁਖਬੀਰ ਵਿਵਾਦਾਂ 'ਚ



ਪੰਨਾ 04

## ਗੁਰਦੁਆਰਾ ਨਾਨਕਵਾੜਾ, ਕੰਧਕੋਟ, ਜ਼ਿਲਾ ਜੈਕਬੀਆਬਾਦ (ਸਿੰਧ)



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਨਾਨਕਵਾੜਾ, ਕੰਧਕੋਟ, ਜ਼ਿਲਾ ਜੈਕਬੀਆਬਾਦ (ਸਿੰਧ) ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਡਾਇਮੰਡ ਪ੍ਰਿੰਸੈਸ ਬੇੜੇ ਵਿਚ ਸਵਾਰ ਇਕ ਹੋਰ ਕੈਨੇਡੀਅਨ ਕੋਰੋਨਾਵਾਇਰਸ ਦੀ ਚਪੇਟ 'ਚ



ਯੋਕੋਹਾਮਾ, ਜਾਪਾਨ, 10 ਫਰਵਰੀ (ਪੋਸਟ ਬਿਊਰੋ) : ਟੋਕੀਓ ਦੇ ਬਾਹਰਵਾਰ ਯੋਕੋਹਾਮਾ ਸਿਟੀ ਦੀ ਬੰਦਰਗਾਹ ਉਤੇ ਖੜ੍ਹੇ ਬੇੜੇ ਡਾਇਮੰਡ ਪ੍ਰਿੰਸੈਸ ਦੇ ਸਬੰਧ ਵਿਚ ਪ੍ਰਿੰਸੈਸ ਕਰੂਜਿਜ ਵਲੋਂ ਦਿਤੀ ਜਾਣਕਾਰੀ ਅਨੁਸਾਰ ਜਿਨ੍ਹਾਂ ਨਵੇਂ 66 ਕੋਰੋਨਾਵਾਇਰਸ ਦੇ ਹੋਰ ਕੇਸਾਂ ਦੀ ਪੁਸ਼ਟੀ ਹੋਈ ਹੈ ਉਨ੍ਹਾਂ ਵਿਚ ਇਕ ਕੈਨੇਡੀਅਨ ਵੀ ਹੈ। ਕੰਪਨੀ ਨੇ ਸੋਮਵਾਰ ਸਵੇਰੇ ਇਕ ਬਿਆਨ ਜਾਰੀ ਕਰਕੇ ਆਖਿਆ ਕਿ ਕੋਰੋਨਾਵਾਇਰਸ ਦੇ ਇਨ੍ਹਾਂ ਨਵੇਂ ਕੇਸਾਂ ਨੂੰ ਜਾਪਾਨ ਦੇ ਸਿਹਤ ਮੰਤਰਾਲੇ ਵੱਲੋਂ ਹੀ ਪਾਜੀਟਿਵ ਐਲਾਨਿਆ ਗਿਆ ਹੈ।

...ਬਾਕੀ ਪੰਨਾ 6 'ਤੇ

## ਅਰਥਚਾਰੇ ਲਈ ਵੀ ਮਾਰੂ ਹੋ ਸਕਦਾ ਹੈ ਕੋਰੋਨਾਵਾਇਰਸ : ਮੌਰਨਿਊ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਵਿੱਤ ਮੰਤਰੀ ਬਿੱਲ ਮੌਰਨਿਊ ਦਾ ਕਹਿਣਾ ਹੈ ਕਿ ਕੋਰੋਨਾਵਾਇਰਸ ਦਾ ਆਰਥਿਕ ਪ੍ਰਭਾਵ ਅਸਲ ਵਿੱਚ ਪੂਰੇ ਦੇਸ਼ ਵਿੱਚ ਹੋਵੇਗਾ।

ਮੌਰਨਿਊ ਅਨੁਸਾਰ ਟੂਰਿਜ਼ਮ ਤੋਂ ਲੈ ਕੇ ਤੇਲ ਤੇ ਗੈਸ ਦੇ ਨਾਲ ਨਾਲ ਚੀਨੀ ਉਤਪਾਦਕਾਂ ਤੇ ਖਪਤਕਾਰਾਂ ਨਾਲ ਜੁੜੀ ਹਰ ਤਰ੍ਹਾਂ ਦੀ ਸਪਲਾਈ ਚੇਨ ਨੂੰ ਇਸ ਕੋਰੋਨਾਵਾਇਰਸ ਕਾਰਨ ਨੁਕਸਾਨ ਹੋਵੇਗਾ। ਸੋਮਵਾਰ ਨੂੰ ਕੈਲਗਰੀ ਵਿੱਚ ਇਕਨੌਮਿਕ ਕਲੱਬ ਆਫ ਕੈਨੇਡਾ ਸਾਹਮਣੇ ਗੱਲ ਕਰਦਿਆਂ ਮੌਰਨਿਊ ਨੇ ਆਖਿਆ ਕਿ ਜਦੋਂ ਤੋਂ ਇਹ ਵਾਇਰਸ ਫੈਲਣਾ ਸ਼ੁਰੂ ਹੋਇਆ ਹੈ ਉਦੋਂ ਤੋਂ ਤੇਲ ਦੀਆਂ ਕੀਮਤਾਂ 15 ਫੀ ਸਦੀ ਤੱਕ ਡਿੱਗ ਗਈਆਂ ਹਨ।

ਇਸ ਲਈ ਅਸੀਂ ਜਾਣਦੇ ਹਾਂ ਕਿ ਇਸ ਦਾ ਅਸਰ ਤਾਂ ਸੱਚੀਂ ਹੋਵੇਗਾ। ਇਸ ਨੂੰ ਦੇਸ਼ ਭਰ ਵਿੱਚ ਮਹਿਸੂਸ ਵੀ ਕੀਤਾ ਜਾਵੇਗਾ। ਪਰ ਸੱਭ ਤੋਂ ਵੱਧ ਇਸ ਦਾ ਸੇਕ ਤੇਲ ਅਤੇ ਗੈਸ ਸੈਕਟਰ ਨੂੰ ਲੱਗੇਗਾ। ਲਿਬਰਲ ਸਰਕਾਰ ਉੱਤੇ ਪਹਿਲਾਂ ਹੀ ਅਲਬਰਟਾ ਵਿਚਲੀ ਆਰਥਿਕ ਅਸਥਿਰਤਾ ਨਾਲ ਨਜਿੱਠਣ ਦਾ ਦਬਾਅ ਪੈ ਰਿਹਾ ਹੈ ਤੇ ਫੈਡਰਲ ਸਰਕਾਰ ਨੂੰ ਪਾਈਪਲਾਈਨ ਦੀ ਉਸਾਰੀ ਨਾਲ ਅਲਬਰਟਾ ਤੋਂ ਕੱਚਾ ਤੇਲ ਮਾਰਕਿਟ ਤੱਕ ਪਹੁੰਚਾ ਕੇ ਅਰਥਚਾਰੇ ਵਿੱਚ ਸਥਿਰਤਾ ਲਿਆਉਣ ਲਈ ਵੀ ਜ਼ੋਰ ਲਾਉਣਾ ਪੈ ਰਿਹਾ ਹੈ।

...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Super Visa Insurance
Critical illness Ins
Mortgage Insurance
Travel & Visitor Ins
Disability Insurance
RESP & TFSA & RRSP
Funeral Insurance
SIMRAN SAINI 416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL
ਕਸਟਮ ਮੇਡ ਘਰ
ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ
ਲੀਗਲ ਬੈਸਮੈਂਟ
COMMERCIAL
New store design & build
Lease hold Improvements
Medical, offices, retail, restaurants & salon
FAST TRACK PERMIT & CONSTRUCTION
437.219.5009
info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E. #15, Mississauga, ON L5T 0B3
Shinder Kelley Barrister Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਦਿੱਸੇ ਪਾਟਕ ਪੰਜਾਬ ਵਿੱਚ ਕਾਂਗਰਸ ਦਾ,
ਕੈਪਟਨ ਹੋਰ ਬੋਲੇ, ਜਾਖੜ ਹੋਰ ਮਿੱਤਰ।
ਇੱਕ ਨੂੰ ਜਾਪਦਾ ਕੰਮ ਪਿਆ ਠੀਕ ਚੱਲੇ,
ਗਿਣ ਕੇ ਦੱਸਦਾ ਦੂਜਾ ਈ ਚੋਰ ਮਿੱਤਰ।
ਇੱਕ ਨੇ ਛੇੜਿਆ ਅਜੇ ਨਹੀਂ ਠੱਗ ਕੋਈ,
ਦੂਸਰਾ ਆਖਦਾ ਘਰੇ ਦਿਓ ਤੋਰ ਮਿਤਰ।
ਇੱਕ ਦੀ ਗੁੱਡੀ ਹੈ ਚੜ੍ਹੀ ਆਕਾਸ਼ ਉੱਤੇ,
ਖਿੱਚਦਾ-ਛੱਡਦਾ ਦੂਜਾ ਈ ਡੋਰ ਮਿੱਤਰ।
ਹਾਈ-ਕਮਾਂਡ ਵੀ ਹੋਈ ਪਈ ਲੋਅ ਏਨੀ,
ਦਖਲ ਜੋਗੀ ਨਹੀਂ ਜਾਪਦੀ ਰਹੀ ਮਿੱਤਰ।
ਮਾੜਾ ਕਿਸੇ ਨੂੰ ਕੋਈ ਨਹੀਂ ਕਹਿਣ ਜੋਗਾ,
ਆਪਣੀ ਥਾਂ ਉੱਤੇ ਸਭ ਹੀ ਸਹੀ ਮਿੱਤਰ।

**ਤੀਸ ਮਾਰ ਖਾਂ**

# ਕਬੱਡੀ ਟੀਮ ਬਿਨਾਂ ਮਨਜ਼ੂਰੀ ਤੋਂ ਪਾਕਿਸਤਾਨ ਜਾਣ ਨਾਲ ਸੁਖਬੀਰ ਸਿੰਘ ਬਾਦਲ ਵਿਵਾਦਾਂ ਵਿੱਚ

*** ਸੁਨੀਲ ਜਾਖੜ ਨੇ ਸਾਰੀ ਜ਼ਿਮੇਵਾਰੀ ਸੁਖਬੀਰ ਉੱਤੇ ਸੁੱਟੀ**

ਚੰਡੀਗੜ੍ਹ, 10 ਫਰਵਰੀ, (ਪੋਸਟ ਬਿਊਰੋ)- ਭਾਰਤੀ ਕਬੱਡੀ ਟੀਮ ਵੱਲੋਂ ਚੁਪ-ਚੁਪੀਤੇ ਪਾਕਿਸਤਾਨ ਜਾਣ ਦਾ ਮੁੱਦਾ ਤੂਲ ਫੜ ਗਿਆ ਜਾਪਦਾ ਹੈ। ਇਸ ਦਾ ਸੰਬੰਧ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਜੁੜਨ ਦੀ ਚਰਚਾ ਨਾਲ ਇਸ ਮੁੱਦੇ ਤੋਂ ਸਿਆਸੀ ਵਿਵਾਦ ਵਧਣ ਦੇ ਆਸਾਰ ਵੀ ਬਣ ਗਏ ਹਨ।

ਇਸ ਸੰਬੰਧ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲ ਨਿਸ਼ਾਨਾ ਸਾਧਿਆ ਤੇ ਇਸ ਕਬੱਡੀ ਟੀਮ ਦੀ ਅਗਵਾਈ ਕਰਨ ਵਾਲੇ ਤੇਜਿੰਦਰ ਸਿੰਘ ਮਿੱਡੂਖੇੜਾ ਨੂੰ ਸੁਖਬੀਰ ਸਿੰਘ ਬਾਦਲ ਦਾ ਕਰੀਬੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਇਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਕਿਸਤਾਨ ਨੂੰ ਸਬਕ ਸਿਖਾਉਣ ਦੀਆਂ ਗੱਲਾਂ ਕਰਦੇ ਹਨ, ਓਦੋਂ ਦੂਸਰੇ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਨੇੜਲਾ ਆਗੂ 60 ਮੈਂਬਰਾਂ ਦੇ ਗਰੁੱਪ ਨਾਲ ਪਾਕਿਸਤਾਨ ਵਿਚ ਕਬੱਡੀ ਕੱਪ ਖੇਡਣ ਤੁਰ ਗਿਆ ਹੈ। ਉਨ੍ਹਾ ਕਿਹਾ ਕਿ ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਇਸ ਟੀਮ ਨੂੰ ਕਿਸ ਦੇ ਦਬਾਅ ਹੇਠ ਪਾਕਿਸਤਾਨ ਜਾਣ ਦੀ ਖੁੱਲ੍ਹ ਦਿਤੀ ਗਈ ਹੈ।



ਸੁਨੀਲ ਜਾਖੜ ਨੇ ਇਸ ਮੌਕੇ ਪਾਕਿਸਤਾਨ ਐਮੇਚਿਉਰ ਸਰਕਲ ਕਬੱਡੀ ਫ਼ੈਡਰੇਸ਼ਨ ਦੇ ਸੈਕਟਰੀ ਜਨਰਲ ਮੁਹੰਮਦ ਸਰਵਰ ਬੱਟ ਦਾ ਵੀਡੀਓ ਜਾਰੀ ਕੀਤਾ ਹੈ, ਜਿਸ ਵਿਚ ਬੱਟ ਨੇ ਕਿਹਾ ਹੈ ਕਿ ਇਹ ਕੋਈ ਵਰਲਡ ਕੱਪ ਨਹੀਂ ਹੈ। ਬੱਟ ਦੇ ਕਹਿਣ ਅਨੁਸਾਰ ਕਈ ਦੇਸ਼ਾਂ ਨੇ ਅਪਣੀ ਟੀਮ ਭੇਜਣ ਤੋਂ ਨਾਂਹ ਕਰ ਦਿਤੀ, ਪਰ ਭਾਰਤ ਤੋਂ 60 ਮੈਂਬਰ ਆਏ ਹਨ। ਬੱਟ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਟੂਰਨਾਮੈਂਟ ਦੇ ਵਿਰੁੱਧ ਇਸਲਾਮਾਬਾਦ ਅਦਾਲਤ ਵਿਚ ਅਰਜ਼ੀ ਵੀ ਦਿੱਤੀ ਹੋਈ ਹੈ।

ਵਰਨਣ ਯੋਗ ਹੈ ਕਿ ਇਹ ਵੀਡੀਓ ਸ਼ੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਹੈ, ਜਿਸ ਦੇ ਬਾਅਦ ਸੁਨੀਲ ਜਾਖੜ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਇੱਕ ਕਰੀਬੀ ਵਲੋਂ ਟੀਮ ਲੈ ਕੇ ਪਾਕਿਸਤਾਨ ਜਾਣ ਬਾਰੇ ਉਨ੍ਹਾਂ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਇਸ ਦੀ ਜਾਂਚ ਐੱਨ ਆਈ ਏ ਤੋਂ ਕਰਾਉਣ ਦੀ ਮੰਗ ਕਰ ਕੇ ਕਿਹਾ ਕਿ ਜਦੋਂ ਪਾਕਿਸਤਾਨ ਵੱਲੋਂ ਹਥਿਆਰ ਅਤੇ ਨਸ਼ੇ ਆ ਰਹੇ ਹਨ, ਓਦੋਂ ਦੋਵਾਂ ਦੇਸ਼ਾਂ ਦੇ ਸੰਬੰਧ ਖ਼ਰਾਬ ਹੁੰਦਿਆਂ ਵੀ ਕਬੱਡੀ ਦੇ 60 ਮੈਂਬਰੀ ਗਰੁੱਪ ਨੂੰ ਪਾਕਿਸਤਾਨ ਭੇਜਿਆ ਗਿਆ ਹੈ ਤਾਂ ਕਿਸ ਦੇ ਇਸ਼ਾਰੇ ਉੱਤੇ ਗਿਆ ਹੈ, ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਇਸ ਦੌਰਾਨ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਨੇ ਅੱਜ ਸੋਮਵਾਰ ਨੂੰ ਸਪੱਸ਼ਟ ਕੀਤਾ ਹੈ ਕਿ ਉਸ ਨੇ ਵਿਸ਼ਵ ਪੱਧਰ ਦੇ ਕਿਸੇ ਟੂਰਨਾਮੈਂਟ ਲਈ ਕਿਸੇ ਕਬੱਡੀ ਟੀਮ ਨੂੰ ਪਾਕਿਸਤਾਨ ਦੌਰੇ ਲਈ ਮੰਜ਼ੂਰੀ ਨਹੀਂ ਦਿੱਤੀ। ਭਾਰਤ ਦੇ ਖੇਡ ਮੰਤਰਾਲੇ ਨੇ ਵੀ ਕਿਹਾ ਹੈ ਕਿ ਸਰਕਾਰ ਨੇ ਕਿਸੇ ਖਿਡਾਰੀ ਨੂੰ ਟੂਰਨਾਮੈਂਟ ਲਈ ਪਾਕਿਸਤਾਨ ਜਾਣ ਦੀ ਆਗਿਆ ਨਹੀਂ ਦਿੱਤੀ। ਆਈ ਓ ਏ ਦੇ ਪ੍ਰਧਾਨ ਨਰਿੰਦਰ ਬੱਤਰਾ ਨੇ ਕਿਹਾ ਕਿ ਇੰਡੀਅਨ ਐਮੇਚਿਉਰ ਕਬੱਡੀ ਫੈਡੇਰਸ਼ਨ ਕਹਿ ਚੁੱਕੀ ਹੈ ਕਿ ਉਸ ਨੇ ਕਿਸੇ ਟੀਮ ਨੂੰ ਪਾਕਿਸਤਾਨ ਦੌਰੇ ਦੀ ਮੰਜ਼ੂਰੀ ਨਹੀਂ ਦਿੱਤੀ ਅਤੇ ਆਈ ਓ ਏ ਵੱਲੋਂ ਵੀ ਇਸ ਦੌਰੇ ਦੀ ਮੰਜ਼ੂਰੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅਸੀਂ ਨਹੀਂ ਜਾਣਦੇ ਕਿ ਪਾਕਿਸਤਾਨ ਦੌਰੇ ਉੱਤੇ ਕੌਣ ਗਿਆ, ਪਰ ਆਈ ਓ ਏ ਅਤੇ ਸਰਕਾਰ ਦੀ ਮੰਜ਼ੂਰੀ ਦੇ ਬਿਨਾ ਕੋਈ ਵੀ ਭਾਰਤ ਦੇ ਨਾਂ ਦੀ ਵਰਤੋਂ ਨਹੀਂ ਕਰ ਸਕਦਾ।

# ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਨੇ ਗੁਰਦੁਆਰਿਆਂ ਵਿੱਚ ਹੁੰਦੀ ਲੁੱਟ ਦੇ ਭੇਦ ਖੋਲ੍ਹੇ

ਜਲੰਧਰ, 10 ਫਰਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਨੇ ਅੱਜ ਚੰਡੀਗੜ੍ਹ ਦੇ ਪ੍ਰੈੱਸ ਕਲੱਬ ਵਿੱਚ ਪੱਤਰਕਾਰਾਂ ਸਾਹਮਣੇ ਇਹ ਭੇਦ ਖੋਲ੍ਹਿਆ ਕਿ ਗੁਰਦੁਆਰਿਆਂ ਦੀ ਮਾਇਆ ਦੀ ਕਿਸ ਤਰ੍ਹਾਂ ਲਗਾਤਾਰ ਵਰਤੋਂ ਹੁੰਦੀ ਆ ਰਹੀ ਹੈ। ਹਰਚਰਨ ਸਿੰਘ ਨੇ ਇਸ ਸੰਬੰਧ ਵਿੱਚ ਅੱਜ ਆਪਣੀ ਇਕ ਪੁਸਤਕ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਗੀ ਵਿੱਚ ਰਿਲੀਜ਼ ਕੀਤੀ ਹੈ।

ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਨੇ ਸਿੱਧੇ ਤੌਰ ਉੱਤੇ ਬਾਦਲ ਪਰਿਵਾਰ ਉੱਤੇ ਗੁਰਦੁਆਰਿਆਂ ਦੀਆਂ ਗੋਲਕਾਂ ਦਾ ਪੈਸਾ ਖਾਣ ਦਾ ਦੋਸ਼ ਆਪਣੀ ਪੁਸਤਕ ਵਿੱਚ ਲਾਇਆ ਹੈ। ਉਨ੍ਹਾਂ ਦੀ ਪੁਸਤਕ ਬਾਰੇ ਇਹ ਪਹਿਲਾਂ ਤੋਂ ਕਿਹਾ ਜਾ ਰਿਹਾ ਸੀ ਕਿ ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਤੇ ਅਕਾਲੀ ਦਲ ਦੀ ਭੂਮਿਕਾ ਜ਼ਾਹਰ ਹੋਣ ਵਾਲੀ ਹੈ ਤੇ ਅੱਜ ਉਹ ਪਰਦਾ ਚੁੱਕਿਆ ਗਿਆ ਹੈ। ਕੁੱਲ 160 ਪੰਨਿਆਂ ਦੀ ਇਹ ਪੁਸਤਕ ਪੰਜਾਬੀ ਵਿੱਚ ਹੈ, ਜਿਸ ਵਿੱਚ ਗੁਰਦ-ਆਰਿਆਂ ਦੇ ਪ੍ਰਬੰਧਕਾਂ ਦੀ ਨਿਯੁਕਤੀ ਅਤੇ ਕਾਰਜਸ਼ੈਲੀ ਬੇਪਰਦ ਕੀਤੀ ਗਈ ਹੈ। ਇਸ ਪੁਸਤਕ ਦੀ ਰਿਲੀਜ਼ ਮੌਕੇ ਰਾਜ ਸਭਾ ਮੈਂਬਰ ਅਤੇ ਬਾਗੀ ਅਕਾਲੀ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਅਤੇ ਹੋਰ ਸਿੱਖ ਬੁੱਧੀਜੀਵੀ ਮੌਜੂਦ ਸਨ। ਪ੍ਰੈੱਸ ਕਲੱਬ ਵਿੱਚ ਇਸ ਕਿਤਾਬ ਦੇ ਰਿਲੀਜ਼ ਸਮਾਰੋਹ ਵਿੱਚ ਪੱਤਰਕਾਰਾਂ ਤੋਂ ਇਲਾਵਾ ਸਿੱਖ ਬੁੱਧੀਜੀਵੀਆਂ ਦੀ ਵੱਡੀ ਗਿਣਤੀ ਵੀ ਆਈ ਹੋਈ ਸੀ ਸੀ।

ਹਰਚਰਨ ਸਿੰਘ ਦੀ ਇਸ ਕਿਤਾਬ ਦੇ ਮੁਤਾਬਕ ਗੁਰੂ ਕੇ ਲੰਗਰ ਦੀ ਵਿਵਸਥਾ ਤੇ ਰਾਸ਼ਨ ਖਰੀਦ ਪ੍ਰਣਾਲੀ ਵੀ ਵੱਡੇ ਭ੍ਰਿਸ਼ਟਾਚਾਰ ਵਾਲੀ ਦੱਸੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾਉਣ ਵੇਲੇ ਕਿਸ ਤਰ੍ਹਾਂ ਹੇਰਾਫੇਰੀ ਕੀਤੀ ਜਾਂਦੀ ਹੈ, ਉਸ ਦਾ ਜ਼ਿਕਾਰ ਵੀ ਇਸ ਵਿੱਚ ਕੀਤਾ ਗਿਆ ਹੈ। ਇਸ ਵਿੱਚ ਅਕਾਲੀ ਦਲ ਉੱਤੇ ਅਤੇ ਖਾਸ ਤੌਰ ਉੱਤੇ ਬਾਦਲ ਪਰਿਵਾਰ ਉੱਤੇ ਦੋਸ਼ ਲਾਇਆ ਗਿਆ ਹੈ ਕਿ ਜਥੇਦਾਰ ਕਿਵੇਂ ਲਾਏ ਜਾਂਦੇ ਅਤੇ ਕਿਸ ਪ੍ਰਕਾਰ ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿੱਚ ਬਾਦਲ ਪਰਿਵਾਰ ਦੀ ਸਿੱਧੀ ਦਖਲ ਅੰਦਾਜ਼ੀ ਹੁੰਦੀ ਹੈ।

ਇਸ ਮੌਕੇ ਲੇਖਕ ਹਰਚਰਨ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਰਨੀ ਸਿਰਫ ਕਠਪੁਤਲੀ ਹੈ, ਸਾਰਾ ਕੰਟਰੋਲ ਬਾਦਲ ਪਰਿਵਾਰ ਦੇ ਹੱਥ ਹੈ। ਉਨ੍ਹਾਂ ਦੱਸਿਆ ਕਿ 70-70 ਸਾਲ ਦੇ ਬਜ਼ੁਰਗ ਵੀ ਸੁਖਬੀਰ ਸਿੰਘ ਬਾਦਲ ਦੇ ਪੈਰ ਛੂਹਣ ਨੂੰ ਮਜਬੂਰ ਹਨ। ਸਾਬਕਾ ਸੈਕਟਰੀ ਹਰਚਰਨ ਸਿੰਘ ਨੇ ਦੱਸਿਆ ਕਿ ਮੱਥਾ ਟੇਕਣ ਦੇ ਚੜ੍ਹਾਵੇ ਨਾਲ ਇਕੱਠੀ ਹੋਈ ਰਕਮ ਲੁੱਟੀ ਜਾ ਰਹੀ ਹੈ। ਕੁਝ ਮਹੀਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਵਿੱਚ ਸ਼੍ਰੋਮਣੀ ਕਮੇਟੀ ਦੇ ਟੈਂਟ ਉੱਤੇ 12 ਕਰੋੜ ਰੁਪਏ ਖਰਚ ਹੋਏ, ਅਫਸੋਸ ਦੀ ਗੱਲ ਇਹ ਹੈ ਕਿ ਇਸ ਟੈਂਟ ਵਿੱਚ 8 ਐਲ ਈ ਡੀਜ਼ ਲਾਈਆਂ ਸਨ, ਜਿਨ੍ਹਾਂ ਦਾ ਕਿਰਾਇਆ 25 ਲੱਖ ਰੁਪਏ ਦਿਖਾਇਆ ਗਿਆ, ਜਦ ਕਿ ਇਕ ਲੱਖ ਰੁਪਏ ਵਿੱਚ ਨਵੀਂ ਐਲ ਈ ਡੀ ਖਰੀਦੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਛੱਡ ਕੇ ਹੋਰ ਗੁਰਦੁਆਰਿਆਂ ਨੂੰ ਘਾਟੇ ਵਿੱਚ ਦਿਖਾਇਆ ਜਾਂਦਾ ਹੈ, ਜਿਹੜੇ ਅਸਲ ਵਿੱਚ ਘਾਟੇ ਵਿੱਚ ਨਹੀਂ। ਉਨ੍ਹਾਂ ਕਿਹਾ ਕਿ ਦੁਖ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਤੋਂ ਚਾਰਟਰਡ ਅਕਾਊਂਟੈਂਟ ਇਕ ਕਰੋੜ ਰੁਪਏ ਹਰ ਸਾਲ ਤਨਖਾਹ ਲੈਂਦਾ ਹੈ ਅਤੇ ਉਹੀ ਚਾਰਟਰਡ ਅਕਾਊਂਟੈਂਟ ਸੁਖਬੀਰ ਸਿੰਘ ਬਾਦਲ ਦਾ ਕੰਮ-ਕਾਰ ਦੇਖਦਾ ਹੈ।

ਪੁਸਤਕ ਰਿਲੀਜ਼ ਸਮਾਰੋਹ ਵਿੱਚ ਸ਼ਾਮਲ ਹੋਏ ਸੀਨੀਅਰ ਬਾਗੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਇਸ ਮੌਕੇ ਅੱਜ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨਾਲ ਹੱਥ ਮਿਲਾ ਲਿਆ ਹੈ। ਢੀਂਡਸਾ ਨੇ ਅਪਣਾ ਪੱਖ ਸਪਸ਼ਟ ਕਰਦੇ ਹੋਏ ਕਿਹਾ ਕਿ ਪੁੱਛਿਆ ਜਾਂਦਾ ਹੈ ਕਿ ਮੈਂ ਓਦੋਂ ਅਕਾਲੀ ਲੀਡਰਸ਼ਿਪ ਵਿਰੁਧ ਕਿਉਂ ਨਾ ਬੋਲਿਆ, ਜਦੋਂ ਅਕਾਲੀ ਦਲ ਵਿਚ ਸੀ। ਉਨ੍ਹਾ ਕਿਹਾ ਕਿ ਮੈਂ ਪ੍ਰਕਾਸ਼ ਸਿੰਘ ਬਾਦਲ ਨੂੰ ਕਲੀਨ ਚਿੱਟ ਨਹੀਂ ਦੇਂਦਾ, ਪਰ ਉਨ੍ਹਾਂ ਦਾ ਤਰੀਕਾ ਸੁਖਬੀਰ ਸਿੰਘ ਤੋਂ ਵੱਖਰਾ ਸੀ। ਢੀਂਡਸਾ ਨੇ ਦਾਅਵਾ ਕੀਤਾ ਕਿ ਪਾਰਟੀ ਵਿਚ ਉਨ੍ਹਾਂ ਨੇ ਕੋਰ ਕਮੇਟੀ ਵਿਚ ਜਦੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਹਟਾਉਣ ਦੀ ਗੱਲ ਕਹੀ ਤਾਂ ਰਣਜੀਤ ਸਿੰਘ ਬ੍ਰਹਮਪੁਰਾ ਤੇ ਸੇਵਾ ਸਿੰਘ ਸੇਖਵਾਂ ਤੋਂ ਬਿਨਾ ਕਿਸੇ ਨੇ ਹਾਮੀ ਨਹੀਂ ਭਰੀ। ਉਨ੍ਹਾਂ ਕਿਹਾ ਕਿ ਹਾਰ ਦੀ ਜ਼ਿੰਮਵਾਰੀ ਹਮੇਸ਼ਾ ਪ੍ਰਧਾਨ ਦੇ ਸਿਰ ਹੁੰਦੀ ਹੈ ਤੇ ਵਿਧਾਨ ਸਭਾ ਵਿਚ ਅਕਾਲੀ ਦਲ ਦੀ ਨਮੋਸ਼ੀ ਜਨਕ ਹਾਰ ਕਾਰਨ ਮੈਂ ਸੁਖਬੀਰ ਸਿੰਘ ਬਾਦਲ ਨੂੰ ਅਸਤੀਫ਼ਾ ਦੇਣ ਲਈ ਕਿਹਾ ਸੀ। ਢੀਂਡਸਾ ਨੇ ਖੁਲਾਸਾ ਕੀਤਾ ਕਿ ਜਦੋਂ ਮੈਂ ਅਹੁਦਿਆਂ ਤੋਂ ਅਸਤੀਫ਼ਾ ਦੇ ਦਿਤਾ ਤਾਂ ਉਸ ਪਿੱਛੋਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਮੇਰੇ ਘਰ ਆ ਕੇ ਮੈਨੂੰ ਮਨਾਉਣ ਦਾ ਯਤਨ ਕਰਦੇ ਰਹੇ ਸਨ।

## ਬੋਨੀ ਦੀ ਬਾਦਲ ਅਕਾਲੀ ਦਲ ਵਿੱਚ ਵਾਪਸੀ ਮੂਹਰੇ ਮਜੀਠੀਆ ਨੇ ਲੱਤ ਅੜਾਈ

*** ਕੌੜ ਵੇਖ ਕੇ ਸੁਖਬੀਰ ਸਿੰਘ ਬਾਦਲ ਨੇ ਪੈਰ ਪਿਛੇ ਖਿੱਚੇ**

ਅੰਮ੍ਰਿਤਸਰ, 10 ਫਰਵਰੀ, (ਪੋਸਟ ਬਿਊਰੋ)- ਟਕਸਾਲੀ ਅਕਾਲੀ ਦਲ ਨੂੰ ਛੱਡ ਕੇ ਫਿਰ ਬਾਦਲ ਅਕਾਲੀ ਦਲ ਵੱਲ ਜਾਣ ਦੀ ਤਿਆਰੀ ਕਰੀ ਬੈਠੇ ਅਜਨਾਲਾ ਹਲਕੇ ਦੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅੱਗੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਲੱਤ ਗੱਡ ਦਿੱਤੀ ਹੈ। ਇਸ ਦਾ ਕਾਰਨ ਬੀਤੇ ਵਕਤ ਦੌਰਾਨ ਅਮਰਪਾਲ ਸਿੰਘ ਬੋਨੀ ਵੱਲੋਂ ਕੀਤੀ ਤਲਖ-ਕਲਾਮੀ ਦੱਸੀ ਜਾਂਦੀ ਹੈ। ਅਕਾਲੀ ਦਲ ਛੱਡਣ ਪਿੱਛੋਂ ਉਨ੍ਹਾਂ ਨੇ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ਼ ਕਾਫ਼ੀ ਹਮਲਾਵਰ ਭਾਸ਼ਾ ਵਰਤੀ ਸੀ, ਜਿਸ ਕਾਰਨ ਮਜੀਠੀਆ ਉਨ੍ਹਾਂ ਤੋਂ ਬਹੁਤ ਜ਼ਿਆਦਾ ਨਰਾਜ਼ ਹਨ।

ਪਤਾ ਲੱਗਾ ਹੈ ਕਿ ਪਾਰਟੀ ਅੰਦਰ ਪਹਿਲਾਂ ਹੀ ਖਾਨਾਜੰਗੀ ਦੇ ਹਾਲਾਤ ਬਣੇ ਹੋਣ ਕਾਰਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਵੇਲੇ ਬਿਕਰਮ ਸਿੰਘ ਮਜੀਠੀਆ ਵਰਗੇ ਵੱਡੇ ਆਗੂ ਦੀ ਨਰਾਜ਼ਗੀ ਨਹੀਂ ਲੈਣਾ ਚਾਹੁੰਦੇ। ਇਸ ਕਰ ਕੇ ਉਨ੍ਹਾਂ ਨੇ ਅਮਰਪਾਲ ਸਿੰਘ ਬੋਨੀ ਅਜਨ-ਾਲਾ ਦੀ ਪਾਰਟੀ ਵਿੱਚ ਵਾਪਸੀ ਨੂੰ ਰੋਕ ਦਿੱਤਾ ਹੈ। ਜਾਣਕਾਰ ਸੂਤਰਾਂ ਦੇ ਮੁਤਾਬਕ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ ਫੇਰੀ ਦੌਰਾਨ ਬੋਨੀ ਅਜਨਾਲਾ ਦੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ, ਪਰ ਇਹ ਐਨ ਮੌਕੇ ਉੱਤੇ ਰੱਦ ਕਰ ਦਿਤਾ ਗਿਆ। ਫਿਰ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੇ ਘਰ ਮਾਝੇ ਦੇ ਆਗੂਆਂ ਨਾਲ ਮੀਟਿੰਗ ਕੀਤੀ, ਜਿਸ ਦੌਰਾਨ 13 ਫ਼ਰਵਰੀ ਦੀ ਰੈਲੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪਾਰਟੀ ਵਿੱਚ ਬੋਨੀ ਅਜਨਾਲਾ ਦੀ ਵਾਪਸੀ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਚਾਹੁਣ, ਵਾਪਸ ਆ ਸਕਦੇ ਹਨ, ਪਰ ਬਿਕਰਮ ਸਿੰਘ ਮਜੀਠੀਆ ਨੇ ਅਜੇ ਵੀ ਇਸ ਬਾਰੇ ਚੁੱਪ ਧਾਰੀ ਹੋਈ ਹੈ।

## ਪਾਰਲੀਮੈਂਟ ਮੈਂਬਰ ਮੁਹੰਮਦ ਅਕਬਰ ਲੋਨ ਦਾ ਪੁੱਤਰ ਪੀ ਐੱਸ ਏ ਕਾਨੂੰਨ ਹੇਠ ਗ੍ਰਿਫਤਾਰ

ਸ੍ਰੀਨਗਰ, 10 ਫਰਵਰੀ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਅੱਜ ਸੋਮਵਾਰ ਨੂੰ ਪਾਰਲੀਮੈਂਟ ਮੈਂਬਰ ਮੁਹੰਮਦ ਅਕਬਰ ਲੋਨ ਦੇ ਪੁੱਤਰ ਅਤੇ ਨੈਸ਼ਨਲ ਕਾਨਫਰੰਸ ਦੇ ਸੀਨੀਅਰ ਨੇਤਾ ਹਿਲਾਲ ਅਕਬਰ ਲੋਨ ਨੂੰ ਪਬਲਿਕ ਸੇਫਟੀ ਐਕਟ (ਪੀ ਐੱਸ ਏ) ਤਹਿਤ ਗ੍ਰਿਫ਼ਤਾਰ ਕਰ ਲਿਆ ਹੈ। ਹਿਲਾਲ ਪਿਛਲੇ ਛੇ ਮਹੀਨੇ ਤੋਂ ਹਿਰਾਸਤ ਵਿਚ ਸਨ।

ਵਰਨਣ ਯੋਗ ਹੈ ਕਿ ਕਸ਼ਮੀਰ ਵਾਦੀ ਵਿੱਚ ਪਿਛਲੇ ਛੇ ਮਹੀਨੇ ਦੇ ਦੌਰਾਨ ਪ੍ਰਸ਼ਾਸਨ ਤਿੰਨ ਸਾਬਕਾ ਮੁੱਖ ਮੰਤਰੀਆਂ ਉਮਰ ਅਬਦੁੱਲਾ, ਫਾਰੂਕ ਅਬਦੁੱਲਾ ਤੇ ਮਹਿਬੂਬਾ ਮੁਫ਼ਤੀ ਸਮੇਤ ਸੱਤ ਨੇਤਾਵਾਂ ਨੂੰ ਪੀ ਐੱਸ ਏ ਹੇਠ ਗ੍ਰਿਫ਼ਤਾਰ ਕਰ ਚੁੱਕਾ ਹੈ। ਹਿਲਾਲ ਲੋਨ ਦੇ ਪਿਤਾ ਮੁਹੰਮਦ ਅਕਬਰ ਲੋਨ ਕਸ਼ਮੀਰ ਵਾਦੀ ਦੇ ਉਨ੍ਹਾਂ ਖ਼ਾਸ ਨੇਤਾਵਾਂ ਵਿਚੋਂ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਨੇ ਪੰਜ ਅਗਸਤ ਨੂੰ ਚੌਕਸੀ ਵਜੋਂ ਹਿਰਾਸਤ ਵਿਚ ਨਹੀਂ ਸੀ ਲਿਆ। ਆਪਣੀਆਂ ਵਿਵਾਦਤ ਟਿੱਪਣੀਆਂ ਤੇ ਜੰਮੂ-ਕਸ਼ਮੀਰ ਅਸੈਂਬਲੀ ਦੇ ਅੰਦਰ ਤੇ ਬਾਹਰ ਕਈ ਵਾਰੀ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਚੁੱਕੇ ਅਕਬਰ ਲੋਨ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਜਦੋਂ ਤਕ ਜੰਮੂ-ਕਸ਼ਮੀਰ ਦਾ ਪੁਰਾਣਾ ਦਰਜਾ ਬਹਾਲ ਨਹੀਂ ਕੀਤਾ ਜਾਂਦਾ, ਨੈਸ਼ਨਲ ਕਾਨਫਰੰਸ ਕਿਸੇ ਚੋਣ ਵਿੱਚ ਹਿੱਸਾ ਨਹੀਂ ਲਵੇਗੀ। ਉਹ ਰਾਜਨੀਤੀ ਵਿੱਚ ਸਖਤ ਮਿਜ਼ਾਜ਼ ਮੰਨਿਆ ਜਾਂਦਾ ਹੈ।

ਹਿਲਾਲ ਅਕਬਰ ਲੋਨ (47 ਸਾਲ) ਨੂੰ ਪ੍ਰਸ਼ਾਸਨ ਨੇ ਜੰਮੂ-ਕਸ਼ਮੀਰ ਪੁਨਰਗਠਨ ਐਕਟ ਨੂੰ ਲਾਗੂ ਕੀਤੇ ਜਾਣ ਵੇਲੇ ਚੌਕਸੀ ਵਜੋਂ ਹਿਰਾਸਤ ਵਿਚ ਲਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਹਿਲਾਲ ਨੂੰ ਅੱਜ ਸਵੇਰੇ ਸਬ ਜੇਲ੍ਹ ਐੱਮ ਐੱਲ ਏ ਹੋਸਟਲ ਤੋਂ ਰਿਹਾਅ ਕਰਨ ਦੇ ਕੁਝ ਦੇਰ ਬਾਅਦ ਪੁਲਿਸ ਨੇ ਦੁਬਾਰਾ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਪੀ ਐੱਸ ਏ ਤਹਿਤ ਗ੍ਰਿਫ਼ਤਾਰ ਕਰ ਕੇ ਇੱਕ ਬੰਗਲੇ ਵਿੱਚ ਰੱਖਿਆ ਗਿਆ ਹੈ, ਜਿਸ ਨੂੰ ਸਬ ਜੇਲ੍ਹ ਦਾ ਦਰਜਾ ਦਿੱਤਾ ਗਿਆ ਹੈ। ਜਿਹੜੇ ਸੱਤ ਨੇਤਾਵਾਂ ਉੱਤੇ ਅੱਜ ਤਕ ਪੀ ਐੱਸ ਏ ਲਾਇਆ ਗਿਆ, ਉਨ੍ਹਾਂ ਵਿੱਚ ਸਾਬਕਾ ਡਿਪਟੀ ਸਪੀਕਰ ਸਰਤਾਜ ਮਦਨੀ, ਸਾਬਕਾ ਮੰਤਰੀ ਅਲੀ ਮੁਹੰਮਦ ਸਾਗਰ ਅਤੇ ਸਾਬਕਾ ਮੰਤਰੀ ਨਈਮ ਅਖਤਰ ਸ਼ਾਮਲ ਹਨ।

## ਹਜ਼ਾਰੀਬਾਗ ਵਿੱਚ ਮਹਾਤਮਾ ਗਾਂਧੀ ਦਾ ਬੁੱਤ ਤੋੜਿਆ

ਹਜ਼ਾਰੀਬਾਗ (ਝਾਰਖੰਡ), 10 ਫਰਵਰੀ (ਪੋਸਟ ਬਿਊਰੋ)- ਇੱਥੇ ਸ਼ਰਾਰਤੀ ਅਨਸਰਾਂ ਨੇ ਮਹਾਤਮਾ ਗਾਂਧੀ ਦਾ ਬੁੱਤ ਤੋੜ ਦਿੱਤਾ ਹੈ, ਜਿਹੜਾ ਏਥੇ ਦਰਿਆ ਕੋਨਾਰ ਦੇ ਕੰਢੇ 1948 ਤੋਂ ਲੱਗਾ ਹੋਇਆ ਸੀ। ਮਹਾਤਮਾ ਗਾਂਧੀ ਦੇ ਅੰਤਮ ਸਸਕਾਰ ਤੋਂ ਬਾਅਦ ਇੱਥੇ ਦਰਿਆ ਵਿੱਚ ਉਨ੍ਹਾਂ ਦੀ ਰਾਖ਼ ਜਲ ਪ੍ਰਵਾਹ ਕੀਤੀ ਗਈ ਸੀ।

ਵਰਨਣ ਯੋਗ ਹੈ ਕਿ ਅਜੇ ਦਸ ਦਿਨ ਪਹਿਲਾਂ ਹੀ ਮਹਾਤਮਾ ਗਾਂਧੀ ਦਾ ਬਲਿਦਾਨ ਦਿਵਸ ਮਨਾਇਆ ਗਿਆ ਸੀ। ਡਿਪਟੀ ਕਮਿਸ਼ਨਰ ਭੁਵਨੇਸ਼ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼ਹਿਰ ਦੇ ਕੁਮਾਰਟੋਲੀ ਇਲਾਕੇ ਵਿੱਚ 8 ਫਰਵਰੀ ਦੀ ਰਾਤ ਨੂੰ ਕੁਝ ਸ਼ਰਾਰਤੀ ਅਨਸਰਾਂ ਨੇ ਮਹਾਤਮਾ ਗਾਂਧੀ ਦਾ ਬੁੱਤ ਤੋੜ ਦਿੱਤਾ ਹੈ। ਇੱਥੇ ਨਵਾਂ ਬੁੱਤ ਜਲਦੀ ਲਾਇਆ ਜਾਵੇਗਾ। ਐਸ ਪੀ ਮਯੂਰ ਪਟੇਲ ਨੇ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਲਈ ਜਾਂਚ ਆਰੰਭੀ ਗਈ ਹੈ ਅਤੇ ਪੁਲਸ ਟੀਮ ਬਣਾਈ ਗਈ ਹੈ। ਨਾਮਾਲੂਮ ਲੋਕਾਂ ਦੇ ਵਿਰੁੱਧ ਐਫ ਆਈ ਆਰ ਦਰਜ ਕਰ ਲਈ ਗਈ ਹੈ।








Paramjit Deol
Broker


CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Toronto $2,150**

For Lease
**Bathurst & Lake Shore:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.


**Toronto $179,000**
barBURRITO
**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000**
Photo Not Available
**120 Whitmore Rd 15:** Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900**
Techlogics
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000**
GINO'S PIZZA
**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000**
Photo Not Available
**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999**

**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000**
Photo Not Available
**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900**
Photo Not Available
**7120 Pacific Circ B:** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.


**Burlington $2,650,000**


**Northshore Blvd To Eagle :**Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000**

**Qew And Hurontario :**Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000**
Photo Not Available
**150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900**

**29 Phillip Ave:**
For any information call Paramjeet Deol at 905-405-8484.

**Brampton $983,000**

**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**

**Mavis/Derry:**Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000**
Photo Not Available
**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਮਗਸੀਪਾ ਅਤੇ ਐੱਨਆਈਐੱਸਜੀ ਦਰਮਿਆਨ ਸਮਝੌਤੇ ’ਤੇ ਹਸਤਾਖਰ

## ਦੁਨੀਆਂ ਅੱਜ ਸੂਚਨਾ ਅਤੇ ਸੇਵਾਵਾਂ ਤੱਕ ਆਸਾਨ ਪਹੁੰਚ ਬਣਾਉਣ ਲਈ ਸੂਚਨਾ ਤਕਨਾਲੋਜੀ ’ਤੇ ਨਿਰਭਰ : ਕੇ.ਬੀ.ਐਸ. ਸਿੱਧੂ

ਚੰਡੀਗੜ੍ਹ, 10 ਫਰਵਰੀ (ਗਿਆਨ ਸਿੰਘ) ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ (ਮਗਸੀਪਾ), ਪੰਜਾਬ ਅਤੇ ਨੈਸ਼ਨਲ ਇੰਸਟੀਚਿਊਟ ਆਫ ਸਮਾਰਟ ਗਵਰਨਮੈਂਟ (ਐੱਨਆਈਐੱਸਜੀ) ਵਿਚਕਾਰ ਸਮਝੌਤੇ ‘ਤੇ ਹਸਤਾਖਰ ਕੀਤੇ ਗਏ। ਇਸ ਸਮਝੌਤੇ ਨਾਲ ਜਿੱਥੇ ਮਗਸੀਪਾ ਦੀ ਸਿਵਲ ਅਧਿਕਾਰੀਆਂ ਨੂੰ ਸਿਖਲਾਈ ਪ੍ਰਦਾਨ ਕਰਨ ਦੀ ਸ਼ਕਤੀ ਵਧੇਗੀ, ਉੱਥੇ ਐੱਨਆਈਐੱਸਜੀ ਵਿੱਚ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਲਈ ਈ-ਗਵਰਨੈਂਸ ਸਮਾਧਾਨਾਂ ਦਾ ਲਾਭ ਉਠਾਇਆ ਜਾਵੇਗਾ।



ਇਸ ਸਮਝੌਤੇ ਨਾਲ ਕੰਪਿਊਟਰ ਅਤੇ ਇੰਟਰਨੈੱਟ ਆਧਾਰਿਤ ਤਕਨਾਲੋਜੀਆਂ ਦਾ ਉਪਯੋਗ ਕਰਦੇ ਹੋਏ ਸਿਵਲ ਅਧਿਕਾਰੀਆਂ ਅਤੇ ਹੋਰ ਸੰਸਥਾਵਾਂ ਦੇ ਸਿਵਲ ਕਾਰਜਕਾਰੀ ਅਧਿਕਾਰੀਆਂ ਦੀ ਸਿਖਲਾਈ ਵਿੱਚ ਬੁਨਿਆਦੀ ਢਾਂਚੇ, ਹਾਰਡਵੇਅਰ, ਵਿਸ਼ੇਸ਼ ਕਰਮਚਾਰੀਆਂ ਅਤੇ ਸੌਫਟਵੇਅਰ ਸਾਂਝੇ ਕਰਕੇ ਰਾਜ ਦੇ ਡਿਜੀਟਲਕਰਨ ਵਿੱਚ ਮਦਦ ਮਿਲੇਗੀ।

ਐੱਨਆਈਐੱਸਜੀ ਇੱਕ ਗੈਰ ਲਾਭਕਾਰੀ ਕੰਪਨੀ ਹੈ ਜੋ 2002 ਤੋਂ (ਕੰਪਨੀ ਐਕਟ ਦੀ ਧਾਰਾ 25 ਅਧੀਨ) ਸੂਚਨਾ ਤਕਨਾਲੋਜੀ ਵਿਭਾਗ, ਭਾਰਤ ਸਰਕਾਰ, ਪ੍ਰਬੰਧਕੀ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਵਿਭਾਗ (ਡੀਏਆਰਐਂਡਪੀਜੀ), ਭਾਰਤ ਸਰਕਾਰ, ਆਂਧਰਾ ਪ੍ਰਦੇਸ਼ ਸਰਕਾਰ ਨਾਲ ਜੁੜੀ ਹੋਈ ਹੈ। ਨੈਸਕਾਮ ਇਸਦੇ ਸ਼ੁਰੂਆਤੀ ਪ੍ਰਮੋਟਰ ਹਨ। ਜਦੋਂਕਿ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ, ਪੰਜਾਬ ਸਰਕਾਰ ਦਾ ਸਰਵਉੱਚ ਖੁਦਮੁਖਤਿਆਰ ਸੰਸਥਾਨ ਹੈ।

ਐੱਨਆਈਐੱਸਜੀ ਨੇ ਵੱਖ ਵੱਖ ਪ੍ਰਾਜੈਕਟ ਲਾਗੂ ਕੀਤੇ ਹਨ ਜਿਵੇਂ ਕਿ ਕੰਪਨੀ ਮਾਮਲਿਆਂ ਦੇ ਮੰਤਰਾਲੇ ਲਈ ਐੱਮਸੀਏ 21, ਵਿਦੇਸ਼ ਮੰਤਰਾਲੇ ਦੀ ਪਾਸਪੋਰਟ ਸੇਵਾ, ਨੈਸ਼ਨਲ ਈ-ਗਵਰਨੈਂਸ ਯੋਜਨਾ ਤਹਿਤ ਯੂਆਈਡੀ ਦੇ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਸਮੇਤ ਯੂਆਈਡੀ ਪ੍ਰਾਜੈਕਟ ਨੂੰ ਡਿਜ਼ਾਇਨ ਕੀਤਾ ਹੈ।

ਇਸ ਸਮਝੌਤੇ ‘ਤੇ ਹਸਤਾਖਰ ਕਰਨਾ ਮਗਸੀਪਾ ਅਤੇ ਐੱਨਆਈਐੱਸਜੀ ਦਰਮਿਆਨ ਆਪਣੀ ਤਰ੍ਹਾਂ ਦੀ ਪਹਿਲੀ ਪਹਿਲ ਹੈ। ਇਸ ਨਾਲ ਇਕੋ ਜਿਹੇ ਤਰੀਕੇ ਨਾਲ ਨਵੇਂ ਸਮਾਧਾਨ ਲੱਭਣ ਲਈ ਇਸ ਤਰ੍ਹਾਂ ਦੇ ਸੰਯੁਕਤ ਢਾਂਚੇ ਦੀ ਅਗਵਾਈ ਕਰਨੀ ਯਕੀਨੀ ਬਣਾਈ ਗਈ ਹੈ।

ਸਮਝੌਤੇ ‘ਤੇ ਹਸਤਾਖਰ ਕਰਨ ਦੌਰਾਨ ਪੰਜਾਬ ਸਰਕਾਰ ਦੇ ਵਿਸ਼ੇਸ਼ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ (ਮਾਲੀਆ) ਅਤੇ ਮਗਸੀਪਾ ਦੇ ਡਾਇਰੈਕਟਰ ਸ਼੍ਰੀ ਕੇਬੀਐੱਸ ਸਿੱਧੂ ਨੇ ਕਿਹਾ ਕਿ ਦੁਨੀਆ ਅੱਜ ਸੂਚਨਾ ਅਤੇ ਸੇਵਾਵਾਂ ਤੱਕ ਆਸਾਨ ਪਹੁੰਚ ਬਣਾਉਣ ਲਈ ਸੂਚਨਾ ਤਕਨਾਲੋਜੀਆਂ ‘ਤੇ ਨਿਰਭਰ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਆਈਟੀ ਉਦਯੋਗ ਨਾ ਸਿਰਫ਼ ਭਾਰਤ ਵਿੱਚ ਬਲਕਿ ਪੂਰੀ ਦੁਨੀਆ ਵਿੱਚ ਆਰਥਿਕ ਵਿਕਾਸ ਵਿੱਚ ਪ੍ਰਮੁੱਖ ਭੂਮਿਕਾ ਨਿਭਾ ਰਿਹਾ ਹੈ।

ਇਹ ਸਮਝੌਤਾ ਆਪਣੇ ਈ-ਗਵਰਨੈਂਯ ਥਿੰਕ ਟੈਂਕ ਰਾਹੀਂ ਪੰਜਾਬ ਰਾਜ ਦੇ ਨਾਲ ਨਾਲ ਹੋਰ ਰਾਜਾਂ ਵਿੱਚ ਈ-ਗਵਰਮੈਂਟ ਸੇਵਾਵਾਂ ਬਾਰੇ ਗਿਆਨ ਸਾਂਝਾ ਕਰਨ ਅਤੇ ਸਮਰੱਥਾ ਨਿਰਮਾਣ ਵਿੱਚ ਸਹਾਇਤਾ ਕਰੇਗਾ।

ਐੱਨਆਈਐੱਸਜੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਜੇਆਰਕੇ ਰਾਓ, ਆਈਏਐੱਸ (ਸੇਵਾਮੁਕਤ) ਨੇ ਕਿਹਾ ਕਿ ਐੱਨਆਈਐੱਸਜੀ ਇੱਕ ਮਗਸੀਪਾ ਵਰਗੀ ਸਨਮਾਨਤ ਸੰਸਥਾ ਨਾਲ ਭਾਈਵਾਲੀ ਕਰਕੇ ਬਹੁਤ ਮਾਣ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਗਿਆਨ ਸਾਂਝਾ ਕਰਨ ਲਈ ਉਨ੍ਹਾਂ ਨੇ ਬਹੁਤ ਘੱਟ ਸਮੇਂ ਵਿੱਚ ਮਗਸੀਪਾ ਨਾਲ ਸਾਂਝ ਪਾਈ ਹੈ।

ਪੰਜਾਬ ਸਰਕਾਰ ਦੀ ਪ੍ਰਮੁੱਖ ਸਕੱਤਰ ਅਤੇ ਮਗਸੀਪਾ ਦੀ ਡਾਇਰੈਕਟਰ ਸ਼੍ਰੀਮਤੀ ਜਸਪ੍ਰੀਤ ਤਲਵਾਰ, ਆਈਏਐੱਸ ਨੇ ਸਮੁੱਚੇ ਢਾਂਚਾਗਤ ਵਿਕਾਸ, ਬਣਤਰ ਅਤੇ ਵਿਧੀ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਵਿੱਚ ਨਾਗਰਿਕ ਕੇਂਦਰਿਤ ਸਹਿਭਾਗੀ ਸ਼ਾਸਨ ਦੇਣ ਵਿੱਚ ਇਹ ਗੱਠਜੋੜ ਸਮਰੱਥ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਦੋਵੇਂ ਪੱਖਾਂ ਨੇ ਸ਼੍ਰੀ ਕੇਬੀਐੱਸ ਸਿੱਧੂ ਦੀ ਸੁਯੋਗ ਅਗਵਾਈ ਵਿੱਚ ਮਸਨੂਈ ਬੌਧਿਕਤਾ, ਮਸ਼ੀਨ ਲਰਨਿੰਗ, ਬਲੌਕ ਚੇਨ, ਸਾਈਬਰ ਸਕਿਊਰਿਟੀ ਅਤੇ ਸਾਈਬਰ ਅਪਰਾਧ ਆਦਿ ਵਰਗੇ ਉੱਭਰਦੇ ਖੇਤਰਾਂ ਵਿੱਚ ਗਹਿਰਾਈ ਤੱਕ ਜਾਣ ਲਈ ਮਜ਼ਬੂਤ ਕਾਰਜ ਸਬੰਧ ਵਿਕਸਤ ਕੀਤਾ ਹੈ।

# ਕੁਸ਼ਲਦੀਪ ਢਿੱਲੋਂ ਵੱਲੋਂ ਸ਼ਹਿਰ ਵਿਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ

ਫਰੀਦਕੋਟ, 10 ਫਰਵਰੀ (ਗਿਆਨ ਸਿੰਘ): ਨਗਰ ਕੌਂਸਲ ਫਰੀਦਕੋਟ ਵਿਖੇ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਅਤੇ ਵਾਰਡ ਵਾਈਜ਼ ਹੋ ਰਹੇ ਵੱਖ ਵੱਖ ਵਿਕਾਸ ਕਾਰਜਾਂ, ਗਲੀਆਂ ਸੀਵਰੇਜ਼, ਵਾਟਰ ਸਪਲਾਈ, ਸੜਕਾਂ ਆਦਿ ਦੇ ਕੰਮਾਂ ਦਾ ਜਾਇਜ਼ਾ ਲੈਣ ਅਤੇ ਇਨ੍ਹਾਂ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਣ ਦੇ ਮਕਸਦ ਨਾਲ ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਅਤੇ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਵੱਲੋਂ ਅੱਜ ਨਗਰ ਕੌਂਸਲ ਦੇ ਸਮੂਹ ਮੈਂਬਰਾਂ, ਵੱਖ ਵੱਖ ਅਹੁਦੇਦਾਰਾਂ ਅਤੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ ।



ਇਸ ਮੌਕੇ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਨਗਰ ਕੌਂਸਲ ਫਰੀਦਕੋਟ ਵੱਲੋਂ ਜੰਗੀ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਨਾ ਵਿੱਚ 100 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਸੀਵਰੇਜ ਸਿਸਟਮ, ਗਲੀਆਂ ਦੀ ਇੰਟਰ ਲਾਕਿੰਗ, ਨਵੀਆਂ ਸੜਕਾਂ ਬਣਾਉਣ, ਪਾਰਕਾਂ ਦੇ ਸੁਧਾਰ ਸਮੇਤ ਵੱਡੀ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਨਗਰ ਕੌਂਸਲਾਂ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਕਿਹਾ ਕਿ ਉਹ ਨਿੱਜੀ ਤੌਰ ਤੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਚੈਕਿੰਗ ਕਰਨ ਅਤੇ ਇਨ੍ਹਾਂ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਸੁਝਾਅ ਦੇਣ। ਉਨ੍ਹਾਂ ਇਸ ਮੌਕੇ ਵੱਖ ਵੱਖ ਵਾਰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਤੋਂ ਵੀ ਸਵੱਛ ਭਾਰਤ ਮਿਸ਼ਨ, ਸ਼ਹਿਰ ਦੀ ਸਫਾਈ ਪ੍ਰਬੰਧਾਂ, ਲੋਕਾਂ ਤੋਂ ਪ੍ਰਾਪਤ ਵੱਖ ਵੱਖ ਸ਼ਿਕਾਇਤਾਂ , ਮੁਲਾਜ਼ਮਾਂ ਦੀਆਂ ਮੰਗਾਂ ਆਦਿ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਤੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਖੁਦ ਵੀ ਸਫਾਈ, ਹੋਰ ਪ੍ਰਬੰਧਾਂ ਦਾ ਰੋਜ਼ਾਨਾ ਜਾਇਜ਼ਾ ਲੈਣ ਤਾਂ ਜੋ ਸ਼ਹਿਰ ਦੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਟਰੈਫਿਕ ਸਮੱਸਿਆ ਦੇ ਹੱਲ ਲਈ ਕੁਝ ਸਮਾਂ ਪਹਿਲਾਂ ਹੀ 59 ਕਰੋੜ ਰੁਪਏ ਦੀ ਲਾਗਤ ਨਾਲ ਰੇਲਵੇ ਓਵਰ ਬ੍ਰਿਜ ਟਰੈਫਿਕ ਲਈ ਚਾਲੂ ਕਰ ਦਿੱਤਾ ਗਿਆ ਹੈ ਅਤੇ ਪੀਣ ਵਾਲੇ ਪਾਣੀ ਲਈ ਰਾਜਾ ਮਾਈਨਰ ਤੋਂ ਨਿਰੰਤਰ ਸਪਲਾਈ ਜਾਰੀ ਹੈ ਜਿਸ ਤੇ ਲਗਭਗ 5 ਕਰੋੜ ਰੁਪਏ ਖਰਚ ਕਰ ਦਿੱਤੇ ਗਏ ਹਨ। ਉਨ੍ਹਾਂ ਸ਼ਹਿਰ ਵਾਸੀਆ ਨੂੰ ਯਕੀਨ ਦਵਾਇਆ ਕਿ ਸ਼ਹਿਰ ਦੀ ਸੀਵਰੇਜ਼ ਸਮੱਸਿਆ ਦਾ ਜਲਦੀ ਹੱਲ ਹੋ ਜਾਵੇਗਾ ਤੇ ਕੰਪਨੀ ਨੂੰ ਸੀਵਰੇਜ ਦੇ ਕੰਮ ਵਿਚ ਹੋਰ ਤੇਜ਼ੀ ਲਿਆਉਣ ਲਈ ਆਦੇਸ਼ ਦਿੱਤੇ ਗਏ ਹਨ।

# ਸ਼ਹੀਦਾਂ ਦੀ ਯਾਦ ਵਿੱਚ ਬਣੇ ਸਮਾਰਕ ਨੂੰ ਜਿੰਦਾ ਲੱਗ ਗਿਆ

ਸੰਗਰੂਰ, 10 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲਾ ਦੇ ਕਸਬੇ ਕੁੱਪਕਲਾਂ ਨੇੜੇ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਬਣਿਆ ਸਮਾਰਕ ਉਥੇ ਕੰਮ ਕਰਦੇ 13 ਮੁਲਾਜ਼ਮਾਂ ਨੂੰ ਇੱਕ ਸਾਲ ਤੋਂ ਤਨਖਾਹ ਨਾ ਮਿਲਣ ਕਰ ਕੇ ਬੰਦ ਹੋ ਗਿਆ ਹੈ। ਸੱਤਰ ਵਿਘੇ ਵਿੱਚ ਬਣੇ ਇਸ ਇਤਿਹਾਸਕ ਸਮਾਰਕ ਦੇ ਗੇਟ ਨੂੰ ਜਿੰਦਾ ਲਾ ਦਿੱਤਾ ਗਿਆ ਹੈ। ਕੱਚੇ ਮੁਲਾਜ਼ਮਾਂ ਦੇ ਜਾਣ ਕਾਰਨ ਫਿਲਹਾਲ ਅੰਦਰਲਾ ਕੱਚ ਪ੍ਰਬੰਧ ਇਸ ਵਕਤ ਪੀ ਡਬਲਯੂ ਡੀ ਦੇ ਦੋ-ਤਿੰਨ ਮੁਲਾਜ਼ਮ ਕਰ ਰਹੇ ਹਨ, ਪਰ ਲੋਕਾਂ ਦੇ ਦਰਸ਼ਨਾਂ ਲਈ ਸਮਾਰਕ ਬੰਦ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ 2016 ਵਿੱਚ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿੱਚ ਇਤਿਹਾਸਕ ਯਾਦਗਾਰਾਂ ਦੀ ਲੜੀ ਵਿੱਚ ਇਹ ਯਾਦਗਾਰ ਬਣਵਾਈ ਸੀ, ਪਰ ਪੱਕੇ ਮੁਲਾਜ਼ਮ ਰੱਖਣ ਦੀ ਥਾਂ 14 ਕੱਚੇ ਮੁਲਾਜ਼ਮ ਕਿਸੇ ਪ੍ਰਾਈਵੇਟ ਕੰਪਨੀ ਵੱਲੋਂ ਲਗਵਾ ਦਿੱਤੇ ਸਨ। ਇਸ ਪਿੱਛੋਂ ਪੰਜਾਬ ਸਰਕਾਰ ਇੱਕ ਤੋਂ ਬਾਅਦ ਇੱਕ ਇਨ੍ਹਾਂ ਕੱਚੇ ਮੁਲਾਜ਼ਮਾਂ ਦੀ ਪ੍ਰਵਾਨਗੀ ਦਿੰਦੀ ਰਹੀ, ਪਰ ਸੰਬੰਧਤ ਕੰਪਨੀ ਭੱਜ ਗਈ ਤਾਂ ਸੰਗਰੂਰ ਦੀ ਅਮਾਨਤ ਸਕਿਓਰਿਟੀ ਕੋਲ ਇਸ ਦਾ ਠੇਕਾ ਆ ਗਿਆ। ਪਿਛਲੇ ਸਾਲ ਉਹ ਪੰਜ ਫਰਵਰੀ ਤੱਕ ਤਨਖਾਹ ਦਿੰਦੇ ਰਹੇ, ਪਰ ਉਸ ਤੋਂ ਬਾਅਦ ਇੱਕ ਸਾਲ ਕੱਚੇ ਮੁਲਾਜ਼ਮਾਂ ਨੂੰ ਕੋਈ ਪੈਸਾ ਨਹੀਂ ਮਿਲਿਆ ਅਤੇ ਇਹ ਕੰਪਨੀ ਵੀ ਭੱਜ ਗਈ ਤੇ ਅਗਲੇ ਸਾਲ ਦੀ ਅਜੇ ਮਨਜ਼ੂਰੀ ਨਹੀਂ ਆਈ। ਹਟਾਏ ਗਏ ਮੁਲਾਜ਼ਮਾਂ ਨੇ ਦੱਸਿਆ ਕਿ ਅਸੀਂ ਪਹਿਲਾਂ 10 ਦਸੰਬਰ ਨੂੰ ਅਤੇ ਫਿਰ ਪੰਜ ਫਰਵਰੀ ਨੂੰ ਜ਼ਿਲਾ ਸਬ ਤਹਿਸੀਲ ਅਹਿਮਦਗੜ੍ਹ ਦੇ ਐੱਸ ਡੀ ਐੱਮ ਵਿਕਰਮਜੀਤ ਸਿੰਘ ਪੈਂਥੇ ਕੋਲ ਗਏ, ਪਰ ਉਨ੍ਹਾਂ ਨੇ ਤਨਖਾਹ ਦਿਵਾਉਣ ਦੀ ਥਾਂ ਕਿਹਾ ਕਿ ਉਹ ਇਸ ਦਾ ਯਤਨ ਕਰਨਗੇਮ ਤੁਸੀਂ ਕੰਮ ਜਾਰੀ ਰੱਖੋ। ਅਸੀਂ ਪੰਜ ਫਰਵਰੀ ਤੋਂ ਰੋਸ ਵਜੋਂ ਕੰਮ ਬੰਦ ਕਰ ਦਿੱਤਾ ਹੈ ਤੇ ਜਦੋਂ ਤੱਕ ਸਾਡੀ ਇੱਕ ਸਾਲ ਦੀ ਤਨਖਾਹ ਨਹੀਂ ਮਿਲਦੀ, ਅਸੀਂ ਡਿਊਟੀ ਉੱਤੇ ਨਹੀਂ ਜਾਵਾਂਗੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132”
88”
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Experienced, Established & Committed
Alliance Legal Services
Professional Corporation
Legal Counsel:
Jack Fireman, Q.C.
ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
Gursharan (Bobby) Sidhu
President
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੱਦਾ ਮਿਲੇ ਬਿਨਾਂ ਕੈਨੇਡੀਅਨ ਸੈਨਿਕ ਇਰਾਕ ਨਹੀਂ ਜਾਣਗੇ : ਸ਼ੈਂਪੇਨ

...ਪੰਨਾ 1 ਦਾ ਬਾਕੀ

ਇਹ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦਾ ਅਜਿਹਾ ਮਿਸ਼ਨ ਹੈ ਜਿਹੜਾ ਜੌਰਡਨ, ਲੇਬਨਾਨ, ਕੁਵੈਤ ਤੇ ਇਰਾਕ ਵਿੱਚ ਜਾਰੀ ਹੈ। 250 ਤੋਂ 850 ਕੈਨੇਡੀਅਨ ਆਪਰੇਸ਼ਨ ਇੰਪੈਕਟ ਤਹਿਤ ਤਾਇਨਾਤ ਹਨ ਤੇ ਇਰਾਕ ਵਿੱਚ ਸੰਯੁਕਤ ਰਾਸ਼ਟਰ ਦੇ ਮਿਸ਼ਨ ਦਾ ਹਿੱਸਾ ਹਨ।

ਕੈਨੇਡਾ ਨੇ ਟਰੇਨਿੰਗ ਦਾ ਇਹ ਕੰਮ ਮੁਲਤਵੀ ਕਰ ਦਿੱਤਾ ਸੀ ਤੇ ਮੇਜਰ ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਤੋਂ ਬਾਅਦ ਪੈਦਾ ਹੋਏ ਤਣਾਅ ਤੇ ਫੈਲੀ ਬੇਚੈਨੀ ਤੋਂ ਬਾਅਦ ਇਰਾਕ ਵਿੱਚ ਤਾਇਨਾਤ ਆਪਣੇ ਸੈਨਿਕਾਂ ਨੂੰ ਕੈਨੇਡਾ ਨੇ ਕਢ ਕੇ ਕੁਵੈਤ ਭੇਜ ਦਿੱਤਾ ਸੀ। ਡਰੋਨ ਹਮਲੇ ਤੋਂ ਦੋ ਦਿਨ ਬਾਅਦ ਇਰਾਕੀ ਪਾਰਲੀਆਮੈਂਟ ਨੇ ਮਤਾ ਪੁਗਾ ਕੇ ਵਿਦੇਸ਼ੀ ਸੈਨਿਕਾਂ ਨੂੰ ਬਾਹਰ ਕਰਨ ਲਈ ਸਰਕਾਰ ਉੱਤੇ ਦਬਾਅ ਪਾਇਆ ਸੀ। ਅਮਰੀਕੀ ਡਰੋਨ ਹਮਲੇ ਦੀ ਜਵਾਬੀ ਕਾਰਵਾਈ ਵਿੱਚ ਇਰਾਨ ਵੱਲੋਂ ਇਰਾਕੀ ਟਿਕਾਣਿਆਂ ਉੱਤੇ ਮਿਜ਼ਾਈਲਾਂ ਦਾਗਣ ਤੋਂ ਕੁਝ ਘੰਟੇ ਪਹਿਲਾਂ ਹੀ ਕੈਨੇਡਾ ਨੇ ਆਪਣੇ ਸੈਨਿਕਾ ਨੂੰ ਉੱਥੋਂ ਬਾਹਰ ਕਰ ਲਿਆ ਸੀ। ਇਸ ਹਮਲੇ ਵਿੱਚ ਕੋਈ ਵੀ ਕੈਨੇਡੀਅਨ ਜ਼ਖ਼ਮੀ ਨਹੀਂ ਸੀ ਹੋਇਆ ਜਦਕਿ 50 ਅਮਰੀਕੀ ਸੈਨਿਕਾਂ ਨੂੰ ਦਿਮਾਗੀ ਸੱਟਾਂ ਤੇ ਹੋਰ ਜ਼ਖ਼ਮ ਜ਼ਰੂਰ ਹੋਏ ਸਨ।



# ਅਰਥਚਾਰੇ ਲਈ ਵੀ ਮਾਰੂ ਹੋ ਸਕਦਾ ਹੈ ਕੋਰੋਨਾਵਾਇਰਸ : ਮੌਰਨਿਊ

...ਪੰਨਾ 1 ਦਾ ਬਾਕੀ

ਜਨਵਰੀ ਵਿੱਚ ਐਡਮੰਟਨ ਦੀ ਬੇਰੋਜ਼ਗਾਰੀ ਦਰ ਵਿੱਚ 8.2 ਫੀ ਸਦੀ ਨਾਲ ਵਾਧਾ ਹੋਇਆ। ਵਿੰਡਸਰ, ਓਨਟਾਰੀਓ ਤੋਂ ਬਾਅਦ ਬੇਰੋਜ਼ਗਾਰੀ ਵਿੱਚ ਵਾਧੇ ਵਾਲਾ ਇਹ ਕੈਨੇਡਾ ਦਾ ਦੂਜਾ ਸ਼ਹਿਰ ਬਣ ਗਿਆ। ਕੈਲਗਰੀ ਵਿੱਚ ਬੇਰੋਜ਼ਗਾਰੀ ਦਰ ਪਿਛਲੇ ਮਹੀਨੇ 7.2 ਫੀ ਸਦੀ ਦਰਜ ਕੀਤੀ ਗਈ ਤੇ ਇਸ ਨਾਲ ਇਹ ਸਭ ਤੋਂ ਵੱਧ ਬੇਰੋਜ਼ਗਾਰੀ ਦਰ ਵਾਲਾ ਕੈਨੇਡਾ ਦਾ ਛੇਵਾਂ ਸ਼ਹਿਰ ਬਣ ਗਿਆ। ਤੇਲ ਤੇ ਗੈਸ ਸੈਕਟਰ ਨਾਲ ਜੁੜੀ ਪ੍ਰੋਵਿੰਸ ਦੀ ਆਰਥਿਕ ਸਥਿਤੀ ਕਾਰਨ ਅਲਬਰਟਾ ਤੇ ਫੈਡਰਲ ਸਰਕਾਰ ਵਿੱਚ ਤਣਾਅ ਵੀ ਵੱਧ ਗਿਆ। ਇੱਥੋਂ ਤੱਕ ਕਿ ਸਥਾਨਕ ਵਾਸੀ ਪ੍ਰੋਵਿੰਸ ਨੂੰ ਆਜ਼ਾਦਾਨਾ ਢੰਗ ਨਾਲ ਕੰਮ ਕਰਨ ਲਈ ਆਖਣ ਲੱਗੇ। ਪੋਲਸਟਰ ਨਿੱਕ ਨੈਨੋਜ਼ ਨੇ ਵੀ ਮੌਰਨਿਊ ਵਾਂਗ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਅਸੀਂ ਕੋਰੋਨਾਵਾਇਰਸ ਦੇ ਅਰਥਚਾਰੇ ਉੱਤੇ ਹੋਣ ਵਾਲੇ ਸੰਭਾਵੀ ਅਸਰ ਨੂੰ ਨਹੀਂ ਵੇਖ ਰਹੇ। ਜੇ ਇਸ ਵਾਇਰਸ ਕਾਰਨ ਚੀਨ ਵਿੱਚ ਉਤਪਾਦਨ, ਮੰਗ ਤੇ ਸਪਲਾਈ ਘੱਟ ਜਾਂਦੀ ਹੈ ਤਾਂ ਸਾਨੂੰ ਆਰਥਿਕ ਮੰਦਵਾੜੇ ਦਾ ਵੀ ਸਾਹ-ਮਣਾ ਕਰਨਾ ਪੈ ਸਕਦਾ ਹੈ।

# ਡਾਇਮੰਡ ਪ੍ਰਿੰਸੈਸ ਬੇੜੇ ਵਿਚ ਸਵਾਰ ਇਕ ਹੋਰ ਕੈਨੇਡੀਅਨ ਕੋਰੋਨਾਵਾਇਰਸ ਦੀ ਚਪੇਟ ’ਚ

...ਪੰਨਾ 1 ਦਾ ਬਾਕੀ

ਇਸ ਨਵੇਂ ਕੇਸ ਨਾਲ ਡਾਇਮੰਡ ਪ੍ਰਿੰਸੈਸ ’ਤੇ ਫਸੇ ਤੇ ਕੋਰੋਨਾਵਾਇਰਸ ਦੀ ਚਪੇਟ ਵਿਚ ਆਏ ਕੈਨੇਡੀਅਨਾਂ ਦੀ ਗਿਣਤੀ ਅਠ ਹੋ ਗਈ ਹੈ। ਇਸ ਮਰੀਜ਼ ਨੂੰ ਵੀ ਇਲਾਜ ਲਈ ਉਨ੍ਹਾਂ ਸੱਤ ਕੈਨੇਡੀਅਨਾਂ ਵਾਂਗ ਹੀ ਜਾਪਾਨੀ ਹਸਪਤਾਲਾਂ ਵਿਚ ਰਖਿਆ ਜਾਵੇਗਾ। ਇਸ ਵਾਇਰਸ ਦੇ ਸਤ ਕੇਸ ਕੈਨੇਡਾ ਵਿਚ ਵੀ ਪਾਏ ਗਏ ਹਨ ਜਿਨ੍ਹਾਂ ਵਿਚੋਂ ਚਾਰ ਬ੍ਰਿਟਿਸ਼ ਕੋਲੰਬੀਆ ਤੇ ਤਿੰਨ ਓਨਟਾਰੀਓ ਵਿਚ ਹਨ। ਐਤਵਾਰ ਨੂੰ ਫੈਡਰਲ ਸਰਕਾਰ ਨੇ ਆਖਿਆ ਕਿ ਉਹ ਡਾਇਮੰਡ ਪ੍ਰਿੰਸੈਸ ਉਤੇ ਮੌਜੂਦ 285 ਕੈਨੇਡੀਅਨਾਂ ਦੀ ਸਿਹਤ ਦੀ ਨਿਗਰਾਨੀ ਵੀ ਕਰ ਰਹੇ ਹਨ। ਇਸ ਤੋਂ ਇਲਾਵਾ ਹਾਂਗ ਕਾਂਗ ਦੇ ਤਟ ’ਤੇ ਖੜ੍ਹੇ ਬੇੜੇ ’ਤੇ ਮੌਜੂਦ ਕੈਨੇਡੀਅਨਾਂ ਦਾ ਵੀ ਧਿਆਨ ਰਖਿਆ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਵਲੋਂ ਹਾਂਗ ਕਾਂਗ ਵਾਲੇ ਬੇੜੇ ਨੂੰ ਕਲੀਨ ਚਿਟ ਦੇ ਦਿਤੀ ਗਈ ਹੈ ਤੇ ਯਾਤਰੀਆਂ ਤੇ ਅਮਲਾ ਮੈਂਬਰਾਂ ਨੂੰ ਉਤਰਨ ਦੀ ਵੀ ਖੁਲ੍ਹ ਦੇ ਦਿਤੀ ਗਈ ਹੈ।

ਇਸ ਦੌਰਾਨ ਕੈਨੇਡਾ ਦੇ ਚੀਫ ਪਬਲਿਕ ਹੈਲਥ ਅਧਿਕਾਰੀ ਡਾ. ਥੈਰੇਸਾ ਟੈਮ ਨੇ ਇਕ ਬਿਆਨ ਵਿਚ ਆਖਿਆ ਕਿ ਵੁਹਾਨ, ਚੀਨ ਤੋਂ ਕੈਨੇਡੀਅਨ ਫੋਰਸਿਜ ਦੇ ਟ੍ਰੈਂਟਨ, ਓਨਟਾਰੀਓ ਸਥਿਤ ਟਿਕਾਣੇ ’ਤੇ ਲਿਆਂਦੇ ਗਏ 213 ਕੈਨੇਡੀਅਨਾਂ ਵਿਚ ਕੋਰੋਨਾਵਾਇਰਸ ਦੇ ਕੋਈ ਲਛਣ ਨਹੀਂ ਪਾਏ ਗਏ ਹਨ।

Punjabipost.ca
905-793-2202
27 Armthorpe Rd #3,
Brampton, L6T 5M4

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਤਾਈਵਾਨ ਦੇ ਲੜਾਕੂ ਜਹਾਜ਼ ਵੱਲੋਂ ਚੀਨੀ ਬੰਬਾਰ ਦਾ ਪਿੱਛਾ

## * ਕੋਰੋਨਾ ਵਾਇਰਸ ਵਿੱਚ ਫਸੇ ਚੀਨ ਦਾ ਨਵਾਂ ਮੋਰਚਾ ਖੁੱਲ੍ਹਣ ਦੇ ਆਸਾਰ

ਤਾਈਪੇ, 10 ਫਰਵਰੀ, (ਪੋਸਟ ਬਿਊਰੋ)- ਤਾਈਵਾਨ ਸਟ੍ਰੇਟ (ਜਲਡਮਰੂ ਮੱਧ) ਦੇ ਉੱਪਰੋਂ ਅੱਜ ਸੋਮਵਾਰ ਕੁਝ ਚੀਨੀ ਲੜਾਕੂ ਜਹਾਜ਼ਾਂ ਦੇ ਲੰਘਣ ਪਿੱਛੋਂ ਚੀਨ ਤੇ ਤਾਈਵਾਨ ਵਿਚਾਲੇ ਤਣਾਅ ਫਿਰ ਵਧ ਗਿਆ ਹੈ। ਇਸ ਨਾਲ ਕੋਰੋਨਾ ਵਾਇਰਸ ਦੇ ਸੰਕਟ ਵਿੱਚ ਫਸੇ ਹੋਏ ਚੀਨ ਦਾ ਇੱਕ ਨਵਾਂ ਮੋਰਚਾ ਖੁੱਲ੍ਹਣ ਦੇ ਆਸਾਰ ਬਣ ਸਕਦੇ ਹਨ।

ਆਪਣੀ ਸਮੁੰਦਰੀ ਹੱਦ ਨਾਲ ਲੱਗਦੇ ਇਲਾਕੇ ਉੱਤੇ ਲਗਾਤਾਰ ਦੂਜੇ ਦਿਨ ਚੀਨ ਦੇ ਬੰਬਾਰ ਐੱਚ-6 ਜਹਾਜ਼ਾਂ ਨੂੰ ਦੇਖ ਕੇ ਤਾਈਵਾਨ ਨੇ ਆਪਣੇ ਐੱਫ-16 ਲੜਾਕੂ ਜਹਾਜ਼ ਉਨ੍ਹਾਂ ਦੇ ਪਿੱਛੇ ਲਾ ਦਿੱਤੇ। ਇਸ ਦੇ ਕਾਰਨ ਨਾਰਾਜ਼ ਹੋਏ ਚੀਨ ਨੇ ਤਾਈਵਾਨ ਦੀ ਸਰਕਾਰ ਨੂੰ ਚੌਕਸ ਕੀਤਾ ਕਿ ਉਹ ਅੱਗ ਨਾਲ ਨਾ ਖੇਡੇ। ਇਸ ਤੋਂ ਪਹਿਲਾਂ ਚੀਨ ਦੇ ਜੇ-11 ਲੜਾਕੂ ਜਹਾਜ਼ ਐਤਵਾਰ ਤਾਈਵਾਨ ਨੂੰ ਫਿਲਪੀਨ ਤੋਂ ਵੱਖ ਕਰਨ ਵਾਲੇ ਬਾਸ਼ੀ ਚੈਨਲ ਉੱਤੋਂ ਲੰਘੇ ਸਨ ਤੇ ਚੀਨ ਇਸ ਨੂੰ ਆਪਣੀ ਹਵਾਈ ਫ਼ੌਜ ਦੀ ਸਾਧਾਰਨ ਸਰਗਰਮੀ ਦੱਸਦਾ ਸੀ। ਤਾਈਵਾਨ ਦੇ ਰੱਖਿਆ ਮੰਤਰਾਲੇ ਮੁਤਾਬਕ ਲਗਾਤਾਰ ਦੂਸਰੇ ਦਿਨ ਗੁਆਂਢੀ ਦੇਸ਼ ਦੀਆਂ ਹਰਕਤਾਂ ਦੇਖ ਕੇ ਉਸ ਨੇ ਆਪਣੇ ਲੜਾਕੂ ਜਹਾਜ਼ ਨੂੰ ਚੀਨੀ ਜਹਾਜ਼ਾਂ ਦੇ ਪਿੱਛੇ ਲਾਇਆ ਸੀ। ਸਾਈ ਇੰਗ-ਵੇਨ ਦੀ ਅਗਵਾਈ ਵਾਲੀ ਲੋਕਤੰਤਰੀ ਸਰਕਾਰ ਵੱਲੋਂ ਤਾਈਵਾਨ ਨੂੰ ਆਜ਼ਾਦ ਦੇਸ਼ ਮੰਨਣ ਦੇ ਖ਼ਿਲਾਫ਼ ਚੀਨ ਇਸ ਟਾਪੂ ਉੱਤੇ ਆਪਣੀ ਪਕੜ ਫਿਰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹੈ ਤੇ ਦਬਦਬਾ ਕਾਇਮ ਰੱਖਣ ਲਈ ਫ਼ੌਜੀ ਕਾਰਵਾਈ ਦੀ ਧਮਕੀ ਵੀ ਦਿੰਦਾ ਹੈ। ਲੜਾਕੂ ਜਹਾਜ਼ਾਂ ਦੇ ਨਾਲ ਤਾਈਵਾਨ ਉੱਤੇ ਦਬਾਅ ਬਣਾਉਣ ਦੀ ਚੀਨ ਦੀ ਕੋਸ਼ਿਸ਼ ਉੱਤੇ ਸਾਈ ਨੇ ਕਿਹਾ ਕਿ ਚੀਨ ਪਹਿਲਾਂ ਆਪਣੇ ਦੇਸ਼ ਵਿੱਚ ਫੈਲੇ ਕੋਰੋਨਾ ਵਾਇਰਸ ਨੂੰ ਕੰਟਰੋਲ ਕਰਨ ਵੱਲ ਧਿਆਨ ਦੇਵੇ।

# ਨੌਕਰੀ ਨਾ ਮਿਲਣ ਤੋਂ ਦੁਖੀ ਭੈਣ-ਭਰਾ ਵੱਲੋਂ ਖੁਦਕੁਸ਼ੀ

ਸਿਰਸਾ, 10 ਫਰਵਰੀ (ਪੋਸਟ ਬਿਊਰੋ)- ਸਿਰਸਾ ਦੇ ਹਿਸਾਰ ਰੋਡ ਦੀ ਡਿਫੈਂਸ ਕਲੋਨੀ ਦੇ ਮਕਾਨ 'ਚ ਭੇਤਭਰੇ ਹਾਲਾਤਾਂ ਵਿੱਚ ਭੈਣ-ਭਰਾ ਦੀ ਲਾਸ਼ ਮਿਲੀ ਹੈ। ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪੁੱਜੀ ਪੁਲਸ ਨੇ ਦੋਵਾਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਮੁੱਢਲੀ ਜਾਂਚ 'ਚ ਪਤਾ ਲੱਗਾ ਕਿ ਦੋਵਾਂ ਨੇ ਪਹਿਲਾਂ ਆਪਣੇ ਹੱਥਾਂ ਦੀਆਂ ਨਸਾਂ ਨੂੰ ਕੱਟਿਆ ਅਤੇ ਫਿਰ ਕੋਈ ਜ਼ਹਿਰੀਲਾ ਪਦਾਰਥ ਨਿਗਲ ਕੇ ਆਤਮ ਹੱਤਿਆ ਕੀਤੀ ਹੈ।

ਪਤਾ ਲੱਗਾ ਹੈ ਕਿ ਡਿਫੈਂਸ ਕਲੋਨੀ ਵਿੱਚ ਓਮ ਪ੍ਰਕਾਸ਼ ਦਾ ਘਰ ਹੈ। ਓਮ ਪ੍ਰਕਾਸ਼ ਫਤਿਹਾਬਾਦ ਨਗਰ ਕੌਂਸਲ ਤੋਂ ਰਿਟਾਇਰਡ ਕਰਮਚਾਰੀ ਹੈ। ਘਰ ਵਿੱਚ ਉਸ ਦਾ ਪੁੱਤਰ ਪ੍ਰਦੀਪ (32) ਤੇ ਅਨੀਤਾ (34) ਵੀ ਰਹਿੰਦੇ ਸਨ। ਓਮ ਪ੍ਰਕਾਸ਼ ਨੇ ਪੁਲਸ ਨੂੰ ਦੱਸਿਆ ਕਿ ਛੇ ਮਹੀਨੇ ਪਹਿਲਾਂ ਉਸ ਦੀ ਪਤਨੀ ਦੀ ਮੌਤ ਹੋ ਗਈ ਸੀ। ਮਾਂ ਦੀ ਮੌਤ ਤੋਂ ਬਾਅਦ ਦੋਵੇਂ ਬੱਚੇ ਮਾਨਸਿਕ ਰੂਪ ਤੋਂ ਪ੍ਰੇਸ਼ਾਨ ਸਨ। ਅਨੀਤਾ ਨੇ ਪੰਜਾਬ ਯੂਨੀਵਰਸਿਟੀ ਤੋਂ ਡਬਲ ਐੱਮ ਏ ਕੀਤੀ ਹੋਈ ਸੀ ਅਤੇ ਆਈ ਏ ਐੱਸ ਦੀ ਤਿਆਰੀ ਕਰ ਰਹੀ ਸੀ। ਪ੍ਰਦੀਪ ਨੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਤੋਂ ਐਮ ਏ ਪਬਲਿਕ ਇਨਫਰਮੇਸ਼ਨ ਦੀ ਕੀਤੀ ਹੋਈ ਸੀ। ਦੋਵੇਂ ਬੱਚੇ ਕਾਫੀ ਸਮੇਂ ਤੋਂ ਨੌਕਰੀ ਦੀ ਭਾਲ ਕਰ ਰਹੇ ਸਨ, ਪਰ ਨੌਕਰੀ ਨਹੀਂ ਮਿਲੀ। ਮਾਂ ਦੀ ਮੌਤ ਤੋਂ ਬਾਅਦ ਪਰਵਾਰ ਦੁਖੀ ਸੀ। ਓਮ ਪ੍ਰਕਾਸ਼ ਨੇ ਦੱਸਿਆ ਕਿ ਰਾਤ ਅਨੀਤਾ ਤੇ ਪ੍ਰਦੀਪ ਰੋਟੀ ਖਾਣ ਪਿੱਛੋਂ ਸੌਣ ਦੇ ਲਈ ਆਪਣੇ ਕਮਰੇ ਵਿੱਚ ਚਲੇ ਗਏ। ਸਵੇਰੇ ਜਦੋਂ ਉਠ ਕੇ ਨਾ ਆਏ ਤਾਂ ਮੈਨੂੰ ਫਿਕਰ ਹੋਇਆ। ਜਦ ਜਗਾਉਣ ਲਈ ਕਮਰੇ 'ਚ ਗਿਆ ਤਾਂ ਵੇਖਿਆ ਕਿ ਦੋਵੇਂ ਬੇਸੁੱਧ ਪਏ ਸਨ। ਦੋਵਾਂ ਨੂੰ ਪ੍ਰਾਈਵੇਟ ਹਸਪਤਾਲ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਦੱਸਿਆ। ਕੀਰਤੀ ਨਗਰ ਦੇ ਚੌਕੀ ਇੰਚਾਰਜ ਏ ਐੱਸ ਆਈ ਰਾਜੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਡਿਫੈਂਸ ਕਲੋਨੀ 'ਚ ਕਿਸੇ ਨੇ ਖੁਦਕੁਸ਼ੀ ਕੀਤੀ ਹੈ। ਪੁਲਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੋਵਾਂ ਨੇ ਪਹਿਲਾਂ ਆਪਣੇ ਹੱਥਾਂ ਦੀਆਂ ਨਸਾਂ ਨੂੰ ਕੱਟਿਆ ਤੇ ਫਿਰ ਕੋਈ ਜ਼ਹਿਰੀਲਾ ਪਦਾਰਥ ਨਿਗਲ ਕੇ ਜਾਨ ਦਿੱਤੀ ਹੈ।

# ਓਨਟਾਰੀਓ ਦੀਆਂ ਚਾਰੇ ਮੁੱਖ ਟੀਚਰਜ਼ ਯੂਨੀਅਨਾਂ ਵੱਲੋਂ ਹੜਤਾਲ ਦਾ ਸਿਲਸਿਲਾ ਜਾਰੀ ਰੱਖਣ ਦਾ ਫੈਸਲਾ

ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੀਆਂ ਚਾਰੇ ਮੁੱਖ ਟੀਜਰਜ਼ ਯੂਨੀਅਨਾਂ ਇਸ ਹਫਤੇ ਹੜਤਾਲ ਦਾ ਆਪਣਾ ਸਿਲਸਿਲਾ ਜਾਰੀ ਰੱਖਣਗੀਆਂ।

ਓਨਟਾਰੀਓ ਦੇ ਪਬਲਿਕ ਐਲੀਮੈਂਟਰੀ ਸਕੂਲ ਟੀਚਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਇਸ ਹਫਤੇ ਰੋਜ਼ਾਨਾ ਸਿਲਸਿਲੇਵਾਰ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ ਤੇ ਮੰਗਲਵਾਰ ਵਾਲੇ ਦਿਨ ਇਸ ਯੂਨੀਅਨ ਦੇ ਸਾਰੇ ਦੇ ਸਾਰੇ 83000 ਮੈਂਬਰ ਆਪੋ ਆਪਣਾ ਕੰਮ ਛੱਡ ਕੇ ਹੜਤਾਲ ਉੱਤੇ ਬੈਠਣਗੇ। ਓਨਟਾਰੀਓ ਦੇ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਨੇ ਆਖਿਆ ਕਿ ਸਿਲਸਿਲੇਵਾਰ ਹੜਤਾਲ ਤੋਂ ਭਾਵ ਹੈ ਕਿ ਪ੍ਰੋਵਿੰਸ ਦਾ ਹਰੇਕ ਸਕੂਲ ਬੋਰਡ ਅਗਲੇ ਹਫਤੇ ਦੂਹਰੀ ਵਾਰੀ ਹੜਤਾਲ ਕਰੇਗਾ। ਇੱਕ ਦਿਨ ਤਾਂ ਮੰਗਲਵਾਰ ਨੂੰ ਪ੍ਰੋਵਿੰਸ ਪੱਧਰ ਦੀ ਹੜਤਾਲ ਹੋਵੇਗੀ ਤੇ ਦੂਜੀ ਫਿਰ ਹਫਤੇ ਦੇ ਕਿਸੇ ਇੱਕ ਮਿਥੇ ਹੋਏ ਦਿਨ ਹੜਤਾਲ ਕੀਤੀ ਜਾਵੇਗੀ।



ਓਨਟਾਰੀਓ ਦੇ ਨੌਂ ਬੋਰਡਜ਼ ਦੇ ਹਾਈ ਸਕੂਲ ਟੀਚਰਜ਼ ਵੀਰਵਾਰ ਨੂੰ ਇੱਕ ਦਿਨ ਹੜਤਾਲ ਕਰਨਗੇ। ਪ੍ਰਭਾਵਿਤ ਡਿਸਟ੍ਰਿਕਟਸ ਵਿੱਚ ਪੀਲ, ਸੁਪੀਰੀਅਰ ਗ੍ਰੀਨਸਟੋਨ, ਗ੍ਰੇਟਰ ਅਸੈਕਸ ਕੰਟਰੀ, ਏਵਨ ਮੇਟਲੈਂਡ, ਨਾਇਗਰਾ, ਲਾਈਮਸਟੋਨ, ਰੈਨਫਰਿਊ ਤੇ ਹੂਰੋਂਨ ਸੁਪੀਰੀਅਰ ਕੈਥੋਲਿਕ ਸ਼ਾਮਲ ਹਨ। ਓਨਟਾਰੀ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦਾ ਕਹਿਣਾ ਹੈ ਕਿ ਮੈਂਬਰ ਵਰਕ ਟੂ ਰੂਲ ਕੈਂਪੇਨ ਵੀ ਜਾਰੀ ਰੱਖਣਗੇ, ਜੋ ਕਿ ਨਵੰਬਰ ਵਿੱਚ ਸ਼ੁਰੂ ਹੋਈ ਸੀ। ਜਿਸ ਤੋਂ ਭਾਵ ਹੈ ਕਿ ਅਧਿਆਪਕ ਸਕੂਲ ਦੇ ਘੰਟਿਆਂ ਤੋਂ ਬਾਅਦ ਸਟਾਫ ਮੀਟਿੰਗਾਂ ਵਿੱਚ ਹਿੱਸਾ ਨਹੀਂ ਲੈਣਗੇ ਤੇ ਨਾ ਹੀ ਰਿਪੋਰਟ ਕਾਰਡਜ਼ ਵਿੱਚ ਟਿੱਪਣੀਆਂ ਕਰਨਗੇ।

ਓਨਟਾਰੀਓ ਦੇ ਇੰਗਲਿਸ਼ ਕੈਥੋਲਿਕ ਟੀਚਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਐਲਾਨ ਕੀਤਾ ਹੈ ਕਿ ਉਹ ਆਪਣਾ ਐਡਮਨਿਸਟ੍ਰੇਟਿਵ ਜੌਬ ਐਕਸ਼ਨ ਮੰਗਲਵਾਰ ਨੂੰ ਜਾਰੀ ਰੱਖੇਗੀ। ਨਵੇਂ ਐਕਸ਼ਨ ਤੋਂ ਭਾਵ ਹੈ ਕਿ ਅਧਿਆਪਕ ਸਿਰਫ ਨਿਰਧਾਰਤ ਟੀਚਿੰਗ ਤੇ ਸੁਪਰਵਿਜ਼ਨ ਦਾ ਕੰਮ ਹੀ ਕਰਨਗੇ। ਉਨ੍ਹਾਂ ਵੱਲੋਂ ਕੋਈ ਵਾਧੂ ਕੰਮ ਨਹੀਂ ਸਵੀਕਾਰਿਆ ਜਾਵੇਗਾ। ਅਧਿਆਪਕ ਪੜ੍ਹਾਈ ਤੋਂ ਇਲਾਵਾ ਹੋਰਨਾਂ ਗਤੀਵਿਧੀਆਂ ਵਿੱਚ ਹਿੱਸਾ ਲੈਣਗੇ ਤੇ ਜੇ ਲੋੜ ਪਈ ਤਾਂ ਸ਼ਡਿਊਲ ਮੁਤਾਬਕ ਪੇਰੈਂਟ ਟੀਚਰ ਇੰਟਰਵਿਊਜ਼ ਵਿੱਚ ਵੀ ਹਿੱਸਾ ਲੈਣਗੇ। ਕੈਥੋਲਿਕ ਅਧਿਆਪਕਾਂ ਨੇ ਰਿਪੋਰਟ ਕਾਰਡ ਬਣਾਉਣੇ, ਸਟੈਂਡਰਡਾਈਜ਼ਡ ਜਾਂਚ ਜਾਂ ਸਿੱਖਿਆ ਮੰਤਰਾਲੇ ਦੀਆਂ ਪਹਿਲਕਦਮੀਆਂ ਵਿੱਚ ਹਿੱਸਾ ਲੈਣਾ ਬੰਦ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਓਨਟਾਰੀਓ ਫਰੈਂਚ ਸਕੂਲਜ਼ ਨਾਲ ਸਬੰਧਤ ਐਸੋਸਿਏਸ਼ਨ ਡੈੱਸ ਐਨਸੈਗਨੈਂਨਟੇਸ ਐਟ ਡੈੱਸ ਐਨਸੈਂਗਨੈਂਨਟੇਸ ਫਰੈਂਕੋ-ਓਨਟੈਰੀਅਨਜ਼ (ਏਈਐਫਓ) ਦੇ ਬਾਰਾਂ ਹਜ਼ਾਰ ਮੈਂਬਰਾਂ ਵੱਲੋਂ ਵੀ ਹਫਤੇ ਵਿੱਚ ਇੱਕ ਵਾਰੀ ਕੰਮ ਛੱਡ ਕੇ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਪਹਿਲੀ ਹੜਤਾਲ ਵੀਰਵਾਰ ਤੋਂ ਕੀਤੀ ਜਾਵੇਗੀ। ਏਈਐਫਓ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਉਹ ਵਰਕ ਟੂ ਰੂਲ ਪ੍ਰੋਗਰਾਮ ਵੀ ਜਾਰੀ ਰੱਖਣਗੇ, ਜਿਸ ਵਿੱਚ ਯੂਨੀਅਨ ਦੇ ਮੈਂਬਰ ਕੁੱਝ ਪ੍ਰਸ਼ਾਸਕੀ ਡਿਊਟੀਜ਼ ਪੂਰੀਆਂ ਨਹੀਂ ਕਰਦੇ। ਇਸ ਯੂਨੀਅਨ ਨੇ ਵੀ ਪਿੱਛੇ ਜਿਹੇ ਸਰਕਾਰ ਨਾਲ ਗੱਲਬਾਤ ਕੀਤੀ ਸੀ ਪਰ ਉਨ੍ਹਾਂ ਦੀ ਡੀਲ ਵੀ ਸਿਰੇ ਨਹੀਂ ਚੜ੍ਹ ਸਕੀ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

# ਡਾ. ਉਬਰਾਏ ਅਤੇ ਉਹਨਾਂ ਦੀ ਸਾਰੀ ਟੀਮ ਮਨੁੱਖਤਾ ਦੀ ਮਹਾਨ ਸੇਵਾ ਕਰ ਰਹੀ ਹੈ : ਲੋਹਗੜ੍ਹ

## ਸਰਬੱਤ ਦਾ ਭਲਾ ਟਰੱਸਟ ਨੇ 150 ਵਿਧਵਾ ਔਰਤਾਂ ਅਤੇ ਲੋੜਵੰਦਾਂ ਨੂੰ ਦਿੱਤੇ ਪੈਨਸ਼ਨਾਂ ਦੇ ਚੈਕ

ਮੋਗਾ, 10 ਫਰਵਰੀ (ਗਿਆਨ ਸਿੰਘ ) ਡਾ. ਐਸ.ਪੀ. ਸਿੰਘ ਉਬਰਾਏ ਹੁਣ ਤੱਕ ਦੁਬਈ ਦੀਆਂ ਜੇਲ੍ਹਾਂ ਵਿੱਚ ਮੌਤ ਦਾ ਇੰਤਜਾਰ ਕਰ ਰਹੇ 100 ਤੋਂ ਉਪਰ ਭਾਰਤੀ ਅਤੇ ਪਾਕਿਸਤਾਨੀ ਨੌਜਵਾਨਾਂ ਨੂੰ ਆਪਣੇ ਕੋਲੋਂ ਬਲੱਡ ਮਨੀ ਦੇ ਕੇ ਵਾਪਿਸ ਆਪਣੇ ਪਰਿਵਾਰਾਂ ਨਾਲ ਮਿਲਾ ਚੁੱਕੇ ਹਨ । ਉਹਨਾ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਦਿੱਲੀ ਵਿੱਚ ਹਰ ਜਿਲ੍ਹਾ ਹੈਡਕੁਆਰਟਰ ਤੇ ਆਪਣੇ ਯੂਨਿਟ ਸਥਾਪਿਤ ਕਰਕੇ ਵਿਧਵਾ ਔਰਤਾਂ ਨੂੰ ਬੱਚਿਆਂ ਦੀ ਪੜ੍ਹਾਈ ਲਈ ਦਿੱਤੀ ਜਾ ਰਹੀ ਮਾਸਿਕ ਸਹਾਇਤਾ, ਹੁਸ਼ਿਆਰ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸਕਾਲਰਸ਼ਿਪ, ਹਰ ਮਹੀਨੇ ਲਗਾਏ ਜਾ ਰਹੇ ਅੱਖਾਂ ਦੇ ਮੁਫਤ ਅਪਰੇਸ਼ਨ ਕੈਂਪ, ਸਕੂਲਾਂ ਵਿੱਚ ਬੱਚਿਆਂ ਲਈ ਸਾਫ ਪਾਣੀ ਲਈ ਲਗਵਾਏ ਜਾ ਰਹੇ ਆਰ.ਓ., ਬਸਤੀ ਗੋਬਿੰਦਗੜ੍ਹ ਵਿੱਚ ਖੋਲੀ ਗਈ ਚੈਰੀਟੇਬਲ ਲੈਬ, ਸਿਵਲ ਹਸਪਤਾਲ ਮੋਗਾ ਵਿੱਚ ਕਾਲੇ ਪੀਲੀਏ ਦੇ ਮਰੀਜਾਂ ਲਈ ਲਗਾਈ ਗਈ ਡਾਇਲਿਸਿਸ ਮਸ਼ੀਨ ਅਤੇ ਨੌਜਵਾਨ ਲੜਕੇ ਲੜਕੀਆਂ ਨੂੰ ਕੰਪਿਊਟਰ ਅਤੇ ਸਿਲਾਈ ਦੀ ਦਿੱਤੀ ਜਾ ਰਹੀ ਮੁਫਤ ਸਿਖਲਾਈ ਆਦਿ ਕੰਮਾਂ ਨੇ ਜਿੱਥੇ ਸਮਾਜ ਦੇ ਲੋੜਵੰਦ ਤਬਕਿਆਂ ਨੂੰ ਵੱਡੀ ਰਾਹਤ ਪਹੁੰਚਾਈ ਹੈ, ਉਥੇ ਪੂਰੀ ਦੁਨੀਆ ਵਿੱਚ ਸਿੱਖਾਂ ਦਾ ਸਿਰ ਮਾਣ ਨਾਲ ਉਚਾ ਕੀਤਾ ਹੈ, ਜਿਸ ਕਾਰਨ ਡਾ. ਉਬਰਾਏ ਅਤੇ ਉਹਨਾਂ ਦੀ ਸਮੁੱਚੀ ਟੀਮ ਦੀ ਸੇਵਾ ਅੱਗੇ ਸਿਰ ਝੁਕਦਾ ਹੈ ਕਿਉਂਕਿ ਉਹਨਾਂ ਵੱਲੋਂ ਕੀਤੀ ਜਾ ਰਹੀ ਸੇਵਾ ਮਹਾਨ ਹੈ।

ਇਹਨਾ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਦੇ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਅੱਜ ਸਰਬੱਤ ਦਾ ਭਲਾ ਦਫਤਰ ਮੋਗਾ ਵਿਖੇ 150 ਦੇ ਕਰੀਬ ਵਿਧਵਾ ਔਰਤਾਂ ਅਤੇ ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨਾਂ ਦੇ ਚੈਕ ਵੰਡਣ ਮੌਕੇ ਕੀਤਾ । ਉਹਨਾ ਆਪਣੇ ਹੱਥੀਂ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈਕ ਤਕਸੀਮ ਕੀਤੇ ਅਤੇ ਔਰਤਾਂ ਨੂੰ ਹਰ ਹਾਲਤ ਵਿੱਚ ਆਪਣੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਦੀ ਅਪੀਲ ਕੀਤੀ । ਇਸ ਮੌਕੇ ਟਰੱਸਟ ਦੇ ਪ੍ਰਧਾਨ ਹਰਜਿੰਦਰ ਸਿੰਘ ਚੁਗਾਵਾਂ ਨੇ ਦੱਸਿਆ ਕਿ ਡਾ. ਐਸ.ਪੀ. ਸਿੰਘ ਉਬਰਾਏ ਆਪਣੀ ਨੇਕ ਕਮਾਈ ਦਾ 95 ਪ੍ਰਤੀਸ਼ਤ ਹਿੱਸਾ ਸਮਾਜ ਲਈ ਖਰਚ ਕਰ ਰਹੇ ਹਨ ਤੇ ਉਹ ਅਮੀਰ ਹੋਣ ਦੇ ਬਾਵਜੂਦ ਬਿਲਕੁੱਲ ਦਿਖਾਵੇ ਲਈ ਫਜ਼ੂਲ ਖਰਚੀ ਨਹੀਂ ਕਰਦੇ । ਉਹਨਾਂ ਵੱਲੋਂ ਆਪਣੇ ਪੁੱਤਰ ਦਾ ਬਿਲਕੁਲ ਸਾਦਾ ਵਿਆਹ ਕਰਕੇ ਸਮਾਜ ਨੂੰ ਫਜ਼ੂਲ ਖਰਚਿਆਂ ਅਤੇ ਕਰਜੇ ਦੇ ਜਾਲ ਤੋਂ ਬਚਣ ਦਾ ਸੁਨੇਹਾ ਦਿੱਤਾ ਗਿਆ ਹੈ, ਇਸ ਲਈ ਸਾਨੂੰ ਵੀ ਆਪਣੇ ਨਜਾਇਜ਼ ਖਰਚੇ ਬੰਦ ਕਰਕੇ ਆਪਣੀ ਆਰਥਿਕ ਦਸ਼ਾ ਸੁਧਾਰਨ ਵਾਲੇ ਪਾਸੇ ਤੁਰਨਾ ਚਾਹੀਦਾ ਹੈ । ਇਸ ਮੌਕੇ ਟਰੱਸਟ ਦੇ ਕੈਸ਼ੀਅਰ ਮਹਿੰਦਰ ਪਾਲ ਲੁੰਬਾ ਨੇ ਵਿਧਾਇਕ ਲੋਹਗੜ੍ਹ ਅਤੇ ਪਤਵੰਤਿਆਂ ਦਾ ਟਰੱਸਟ ਦਫਤਰ ਪਹੁੰਚਣ ਤੇ ਸਵਾਗਤ ਕੀਤਾ ਅਤੇ ਉਹਨਾਂ ਨੂੰ ਟਰੱਸਟ ਦੀਆਂ ਗਤੀਵਿਧੀਆਂ ਵਾਲੀ ਡਾਇਰੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਜਨਰਲ ਸਕੱਤਰ ਦਵਿੰਦਰਜੀਤ ਸਿੰਘ ਗਿੱਲ, ਟਰੱਸਟੀ ਸੁਖਦੇਵ ਸਿੰਘ ਬਰਾੜ, ਗੁਰਸੇਵਕ ਸਿੰਘ ਸੰਨਿਆਸੀ, ਜਗਤਾਰ ਸਿੰਘ ਜਾਨੀਆਂ, ਜਸਵੰਤ ਸਿੰਘ ਪੁਰ-ਾਣੇਵਾਲਾ, ਬਲਾਕ ਪ੍ਰਧਾਨ ਜਸਵੀਰ ਸਿੰਘ ਜੱਸੀ ਦੀਨਾ, ਗੁਰਨਾਨਕ ਸਿੰਘ, ਸੁਰਿੰਦਰ ਸਿੰਘ ਬਾਵਾ, ਗੁਰਨਾਮ ਸਿੰਘ ਲਵਲੀ, ਦਫਤਰ ਇੰਚਾਰਜ ਜਸਵੀਰ ਕੌਰ, ਮੈਡਮ ਸੁਖਦੀਪ ਕੌਰ, ਸੁਖਵਿੰਦਰ ਕੌਰ ਝੰਡੇਆਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲਾਭਪਾਤਰੀ ਔਰਤਾਂ ਹਾਜਰ ਸਨ ।



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਸ਼ਹੀਦ ਭਗਤ ਸਿੰਘ ਅਤੇ ਅਸੀਂ

ਸੰਜੀਵਨ ਸਿੰਘ

ਸ਼ਹੀਦ ਕਦੇ ਵੀ ਇਕ ਜਾਤ, ਧਰਮ, ਫਿਰਕੇ ਜਾਂ ਦੇਸ ਦੇ ਨਹੀਂ ਹੁੰਦੇ. ਸ਼ਹੀਦ ਤਾਂ ਸਾਰੀ ਇਨਸਾਨੀਅਤ ਦੇ, ਸਾਰੀ ਕਾਇਨਾਤ ਦੇ ਹੁੰਦੇ ਹਨ. ਜਿਵੇਂ ਸੂਰਜ ਅਤੇ ਚੰਦ ਦੀ ਰੋਸ਼ਨੀ ਸਾਰਿਆਂ ਲਈ ਹੁੰਦੀ ਹੈ. ਬਿਲਕੁਲ ਉਸੇ ਤਰ੍ਹਾਂ ਸ਼ਹੀਦ ਵੀ ਸਾਰਿਆਂ ਦੇ ਹੁੰਦੇ ਹਨ. ਅਸੀਂ ਲੋਕ ਸ਼ਹੀਦਾਂ ਨੂੰ ਸਾਲ ਵਿਚ ਇਕ ਵਾਰ ਫੇਰ ਵੀ ਯਾਦ ਕਰ ਲੈਂਦੇ ਹਾਂ, ਪਰ ਸ਼ਹੀਦ ਦੇ ਪ੍ਰੀਵਾਰ ਮਾਂ-ਬਾਪ, ਪਤਨੀ, ਬੱਚਿਆਂ ਦਾ ਕਦੇ ਵੀ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ ਸਮਝਦੇ. ਸ਼ਹੀਦ ਤਾਂ ਦੇਸ ਉੱਤੇ ਆਪਣੀ ਜਾਨ ਕੁਰਬਾਨ ਕਰਕੇ ਇਤਿਹਾਸ ਦੇ ਪੰਨਿਆਂ ਵਿਚ ਆਪਣਾ ਨਾਮ ਦਰਜ ਕਰਵਾ ਲੈਂਦੇ ਹਨ. ਪਰ ਉਸ ਦਾ ਪ੍ਰੀਵਾਰ ਸ਼ਹੀਦੀ ਨੂੰ ਹਰ ਪਲ, ਹਰ ਘੜੀ ਹੰਢਾਉਂਦਾ ਹੈ. ਗਰੀਬੀ ਦੇ ਰੂਪ ਵਿਚ, ਭੁੱਖਮਰੀ ਦੇ ਰੂਪ ਵਿਚ, ਦੁਖਾਂ-ਤਕਲੀਫਾਂ ਦੇ ਰੂਪ ਵਿਚ. ਉਹਨਾਂ ਦਾ ਜ਼ਿਕਰ ਕਰਨਾ ਅਸੀਂ ਤੇ ਸਰਕਾਰਾਂ ਵਾਜਿਬ ਨਹੀਂ ਸਮਝਦੀਆਂ.



ਸ਼ਹੀਦ ਭਗਤ ਸਿੰਘ ਦੀ ਸ਼ਹੀਦ ਦਿਵਸ ਮੌਕੇ ਉਹਨਾਂ ਦੀ ਕੁੱਝ ਗੱਲਾਂ ਲਿਖਤ ਜਾਂ ਜ਼ੁਬਾਨੀ ਕਹੀਆਂ, ਉਹਨਾਂ ਦਾ ਜ਼ਿਕਰ ਕਰਨਾ ਸਮੇਂ ਦੀ ਮੰਗ ਹੈ. ਸਰਦਾਰ ਭਗਤ ਸਿੰਘ ਨੇ ਹਕੂਮਤ ਨੂੰ ਪੱਤਰ ਲਿਖ ਕੇ ਕਿਹਾ ਸੀ, ''ਉਹਨਾਂ ਨੂੰ ਫਾਂਸੀ ਦੀ ਥਾਂ ਗੋਲੀ ਮਾਰੀ ਜਾਵੇ. ਪਰ ਕਿਉਂਕਿ ਤੁਹਾਡੇ ਹੱਥ ਵਿਚ ਤਾਕਤ ਹੈ. ਦੁਨਿਆ ਵਿਚ ਤਾਕਤ ਨੂੰ ਸਾਰੇ ਹੱਕ ਹਾਸਲ ਹਨ. ਅਸੀਂ ਜਾਣਦੇ ਹਾਂ, ਤੁਸੀਂ ਲੋਕ ਆਪਣਾ ਇਰਾਦਾ ਪੂਰਾ ਕਰਨ ਲਈ, ਜਿਸ ਦੀ ਲਾਠੀ, ਉਸ ਦੀ ਮੈਸ ਦਾ ਅਸੂਲ ਅਪਨਾਉਗੇ. ਪਰ ਅਸੀਂ ਜੰਗੀ ਕੈਦੀ ਹਾਂ. ਇਸ ਲਈ ਅਸੀਂ ਮੰਗ ਕਰਦੇ ਹਾਂ, ਸਾਡੇ ਨਾਲ ਜੰਗੀ ਕੈਦੀਆਂ ਵਰਗਾ ਸਲੂਕ ਕੀਤਾ ਜਾਵੇ, ਫਾਂਸੀ ਉੱਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ. ਇਸ ਲਈ ਅਸੀਂ ਬੇਨਤੀ ਕਰਦੇ ਹਾਂ, ਤੁਸੀਂ ਆਪਣੇ ਫੌਜੀ ਮਹਿਕਮੇ ਨੂੰ ਹੁਕਮ ਦੇਵੋ, ਸਾਨੂੰ ਗੋਲੀ ਨਾਲ ਮਾਰਨ ਲਈ ਇਕ ਫੌਜੀ ਦਸਤਾ ਭੇਜੇ.

ਭਗਤ ਸਿੰਘ ਅਦਾਲਤ ਵਿਚ ਪੇਸ਼ੀ ਸਮੇਂ ਅੰਗਰੇਜ਼ੀ ਅਦਾਲਤ ਦਾ ਮਜ਼ਾਕ ਉਡਾ ਰਿਹਾ ਸੀ. ਸਰਕਾਰੀ ਵਕੀਲ ਨੇ ਕਿਹਾ, ''ਤੁਸੀਂ ਦੇਸ ਧਰੋਹੀ ਹੋ''. ਭਗਤ ਸਿੰਘ ਫਿਰ ਹੱਸਿਆ. ਸਰਕਾਰੀ ਵਕੀਲ ਨੇ ਕਿਹਾ, ''ਭਗਤ ਸਿੰਘ ਤੁਸੀਂ ਇਸ ਤਰ੍ਹਾਂ ਅਦਾਲਤ ਦੀ ਤੌਹੀਨ ਕਰ ਰਹੇ ਹੋ.'' ਭਗਤ ਸਿੰਘ ਨੇ ਕਿਹਾ, ''ਵਕੀਲ ਸਾਹਿਬ ਮੈਂ ਜਦ ਤੱਕ ਜਿਉਂਦਾ ਰਹਾਂਗਾ ਇਵੇਂ ਹੀ ਹੱਸਦਾ ਰਹਾਂਗਾ. ਜਦੋਂ ਮੈਂ ਫਾਂਸੀ ਦੇ ਤਖਤੇ 'ਤੇ ਖੜ੍ਹਾ ਹੋ ਕੇ ਹੱਸਾਂਗਾ, ਉਦੋਂ ਤੁਸੀਂ ਕਿਹੜੀ ਅਦਾਲਤ ਵਿਚ ਸ਼ਕਾਇਤ ਕਰੋਗੇ.''

ਬਾਬਾ ਸੋਹਨ ਸਿੰਘ ਭਕਨਾ ਭਗਤ ਸਿੰਘ ਨੂੰ ਜੇਲ ਵਿਚ ਮਿਲਣ ਲਈ ਗਏ. ਬਾਬਾ ਜੀ ਨੇ ਭਗਤ ਸਿੰਘ ਨੂੰ ਪੁੱਛਿਆ, ''ਭਗਤ ਸਿੰਘ ਤੁਹਾਡਾ ਕੋਈ ਰਿਸ਼ਤੇਦਾਰ ਮਿਲਣ ਨਹੀਂ ਆਇਆ''. ਤਾਂ ਭਗਤ ਸਿੰਘ ਨੇ ਕਿਹਾ, ''ਬਾਬਾ ਜੀ ਮੇਰਾ ਖੂਨ ਦਾ ਰਿਸ਼ਤਾ ਤਾਂ ਸ਼ਹੀਦਾਂ ਦੇ ਨਾਲ ਹੈ, ਖੁਦੀ ਰਾਮ ਬੋਸ ਦੇ ਨਾਲ, ਕਰਤਾਰ ਸਿੰਘ ਸਰਾਭਾ ਦੇ ਨਾਲ, ਅਸੀਂ ਸਭ ਇਕ ਹੀ ਖੂਨ ਦੇ ਹਾਂ. ਸਾਡਾ ਖੂਨ ਇਕ ਹੀ ਜਗ੍ਹਾ ਤੋਂ ਆਇਆ ਹੈ, ਇਕ ਹੀ ਜਗ੍ਹਾਂ ਜਾ ਰਿਹਾ ਹੈ. ਦੂਜਾ ਰਿਸ਼ਤਾ ਤੁਹਾਡੇ ਲੋਕਾਂ ਦੇ ਨਾਲ ਹੈ, ਜੋ ਸਾਨੂੰ ਪ੍ਰੇਰਣਾ ਦੇ ਰਹੇ ਹਨ, ਜਿਹਨਾਂ ਦੇ ਨਾਲ ਕਾਲ ਕੋਠੜੀ ਵਿਚ ਅਸੀਂ ਪਸੀਨਾ ਬਹਾਇਆ ਹੈ. ਤੀਜੇ ਰਿਸ਼ਤੇਦਾਰ ਉਹ ਹੋਣਗੇ ਜੋ ਖੂਨ-ਪਸੀਨੇ ਦੇ ਨਾਲ ਤਿਆਰ ਕੀਤੀ ਜ਼ਮੀਨ ਵਿਚੋਂ ਨਵੀਂ ਨਸਲ ਅਤੇ ਸ਼ਕਲ ਵਿਚ ਪੈਦਾ ਹੋਣਗੇ. ਜੋ ਸਾਡੇ ਮਿਸ਼ਨ ਨੂੰ, ਸਾਡੀ ਸੋਚ ਨੂੰ ਅੱਗੇ ਵਧਾਉਣਗੇ. ਇਸ ਤੋਂ ਇਲਾਵਾ ਸਾਡੇ ਹੋਰ ਕੌਣ ਰਿਸ਼ਤੇਦਾਰ ਹੋ ਸਕਦੇ ਬਾਬਾ ਜੀ.''

ਮਾਨਵਾਲ ਜ਼ਿਲਾ ਸ਼ੇਖੂਪੂਰਾ ਦੇ ਤੇਜਾ ਸਿੰਘ ਮਾਨ ਦੀ ਭੈਣ ਨਾਲ ਵਿਆਹ ਨਿਯਤ ਹੋਣ ਤੋਂ ਬਾਅਦ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਪੱਤਰ ਲਿਖ ਕੇ ਕਿਹਾ, ''ਸਤਿਕਾਰਯੋਗ ਪਿਤਾ ਜੀ, ਇਹ ਵਿਆਹ ਦਾ ਸਮਾਂ ਨਹੀਂ ਹੈ. ਦੇਸ਼ ਮੈਨੂੰ ਬੁਲਾ ਰਿਹਾ ਹੈ. ਮੈਂ ਅਪਣਾ ਤਨ, ਮਨ ਅਤੇ ਧਨ ਦੇਸ ਦੇ ਲੇਖੇ ਲਾਉਣ ਦਾ ਫੈਸਲਾ ਕੀਤਾ ਹੈ. ਵੈਸੇ ਵੀ ਇਹ ਸਾਡੇ ਪ੍ਰੀਵਾਰ ਲਈ ਕੋਈ ਨਵੀਂ ਗੱਲ ਨਹੀਂ ਹੈ. ਸਾਡਾ ਸਾਰਾ ਖਾਨਦਾਨ ਦੇਸ ਭਗਤਾਂ ਦਾ ਹੈ. 1910 ਵਿਚ ਮੇਰੇ ਜਨਮ ਦੇ ਦੋ ਤਿੰਨ ਸਾਲ ਬਾਅਦ ਹੀ ਚਾਚਾ ਸਵਰਨ ਸਿੰਘ ਜੀ ਜੇਲ ਵਿਚ ਸਵਰਗਵਾਸ ਹੋਏ ਸਨ. ਚਾਚਾ ਅਜੀਤ ਸਿੰਘ ਜੀ ਜਲਾਵਤਨ ਹੋ ਕੇ ਗ਼ੈਰ ਮੁਲਕਾਂ ਵਿਚ ਰਹੇ. ਚਾਚਾ ਜੀ ਨੇ ਜੇਲਾਂ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ. ਮੈਂ ਤਾਂ ਸਿਰਫ ਉਹਨਾਂ ਦੇ ਨਕਸ਼ੇ ਕਦਮ ਉੱਤੇ ਚੱਲ ਰਿਹਾ ਹਾਂ. ਮਿਹਰਬਾਨੀ ਕਰਕੇ ਤੁਸੀਂ ਮੈਨੂੰ ਵਿਆਹ ਦੇ ਬੰਧਨ ਵਿਚ ਨਾ ਜਕੜੋ. ਬਲਕਿ ਮੇਰੇ ਹੱਕ ਵਿਚ ਦੁਆ ਕਰੋ. ਤਾਂ ਜੋ ਮੈਂ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਾਂ.''

ਪਿਤਾ ਨੇ ਭਗਤ ਸਿੰਘ ਦੇ ਜਵਾਬ ਵਿਚ ਲਿਖਿਆ, ''ਬੇਟਾ, ਅਸੀਂ ਤੇਰਾ ਵਿਆਹ ਨਿਸ਼ਚਿਤ ਕਰ ਦਿਤਾ ਹੈ. ਅਸੀਂ ਲੜਕੀ ਵੇਖ ਚੁੱਕੇ ਹਾਂ. ਸਾਨੂੰ ਪਸੰਦ ਹੈ. ਤੈਨੂੰ ਆਪਣੀ ਬੁੱਢੀ ਦਾਦੀ ਦੀ ਗਲ ਮੰਨਣੀ ਚਾਹਦੀ ਹੈ. ਮੇਰਾ ਆਦੇਸ਼ ਹੈ, ਤੂੰ ਵਿਆਹ ਵਿਚ ਕਿਸੇ ਕਿਸਮ ਦਾ ਅੜਿਕਾ ਨਾ ਪਾਵੇ. ਖੁਸ਼ੀ ਨਾਲ ਸਹਿਮਤ ਹੋ ਜਾਅ.''

ਭਗਤ ਸਿੰਘ ਨੇ ਪਿਤਾ ਦੀ ਇਸ ਚਿੱਠੀ ਦੇ ਜਵਾਬ ਵਿਚ ਕਿਹਾ, ''ਸਤਿਕਾਰਯੋਗ ਪਿਤਾ ਜੀ, ਮੈਨੂੰ ਇਹ ਪੜ੍ਹ ਕੇ ਹੈਰਾਨੀ ਹੋਈ, ਜੇ ਤੁਹਾਡੇ ਜਿਹੇ ਸੱਚੇ ਦੇਸ ਭਗਤ ਅਤੇ ਬਹਾਦਰ ਇਨਸਾਨ ਨੂੰ ਵੀ ਇਹ ਮਾਮੂਲੀ ਗੱਲਾਂ ਪ੍ਰਭਾਵਿਤ ਕਰ ਸਕਦੀਆਂ ਹਨ. ਫੇਰ ਇਕ ਆਮ ਗੁਲਾਮ ਇਨਸਾਨ ਦਾ ਕੀ ਹੋਵੇਗਾ? ਤੁਸੀਂ ਸਿਰਫ ਮੇਰੀ ਦਾਦੀ ਜੀ ਦੀ ਫ਼ਿਕਰ ਕਰ ਰਹੇ ਹੋ. ਪਰ 33 ਕਰੋੜ ਲੋਕਾਂ ਦੀ ਮਾਂ, ਭਾਰਤ ਮਾਂ ਦੇ ਦੁੱਖ ਦੂਰ ਕਰਨ ਦੇ ਬਾਰੇ ਵਿਚ ਸੋਚੋ. ਭਾਰਤ ਮਾਂ ਦੇ ਦੁੱਖ ਦੂਰ ਕਰਨ ਲਈ ਸਾਨੂੰ ਸਭ ਕੁੱਝ ਕੁਰਬਾਨ ਕਰ ਦੇਣਾ ਚਾਹੀਦਾ ਹੈ.''

ਸਰਦਾਰ ਭਗਤ ਸਿੰਘ ਨੇ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ, ''ਅਸੀਂ ਮੁੱਠੀ ਭਰ ਕਰਾਂਤੀਕਾਰੀ. ਲੋਕਾਂ ਨੂੰ ਨਾਲ ਲਏ ਬਿਨਾਂ ਆਜ਼ਾਦੀ ਹਾਸਿਲ ਨਹੀਂ ਕਰ ਸਕਦੇ. ਜਨਤਾ ਦੀ ਸ਼ਕਤੀ ਦੇ ਨਾਲ ਹੀ ਸਾਡਾ ਮੁੱਲਕ ਆਜ਼ਾਦ ਹੋਏਗਾ. ਭਾਰਤ ਦੀ ਲੁੱਟ ਨੂੰ ਖਤਮ ਕਰਨਾ, ਨੌਕਰਸ਼ਾਹੀ ਦਾ ਦਬਦਬਾ ਖਤਮ ਕਰਨਾ, ਲੋਕਾਂ ਨੂੰ ਹਕੂਮਤ ਵਿਚ ਬਰਾਬਰ ਦਾ ਹਿੱਸੇਦਾਰ ਬਣਾਉਣਾ ਸਾਡਾ ਪਹਿਲਾ ਫ਼ਰਜ਼ ਹੈ.

ਹੁਣ ਦੇਖਣਾ ਹੈ ਕਿ ਭਗਤ ਸਿੰਘ ਤੇ ਅਣਗਿਣਤ ਦੇਸ ਭਗਤ ਜਿਹਨਾਂ ਨੇ ਆਪਣੀਆਂ ਜਾਨਾਂ ਦੇਸ ਦੀ ਆਜ਼ਾਦੀ ਖਾਤਰ ਹੱਸ ਕੇ ਕੁਰਬਾਨ ਕੀਤੀਆਂ. ਕੀ ਅਜ ਦਾ ਭਾਰਤ ਉਹਨਾਂ ਦੇ ਸੁਪਨਿਆਂ ਦਾ ਭਾਰਤ ਹੀ ਹੈ? ਜੇਕਰ ਨਹੀਂ ਤਾਂ ਕੀ ਕਾਰਨ ਹੈ? ਕੀ ਅਸੀਂ ਉਹਨਾਂ ਦੇ, ਉਹਨਾਂ ਦੀ ਸੋਚ ਦੇ ਵਾਰਿਸ ਬਣ ਸਕੇ ਹਾਂ? ਜੇਕਰ ਨਹੀਂ ਤਾਂ ਕੀ ਕਾਰਨ ਹਨ, ਕਿੱਥੇ ਗੜਬੜ ਹੋਈ ਹੈ? ਮੁਲਕ ਇਕ ਵਾਰ ਫੇਰ ਗੁਲਾਮੀ ਵੱਲ ਵੱਧ ਰਿਹਾ ਹੈ। ਪਰ ਹੁਣ ਵਾਲੀ ਗੁਲਾਮੀ ਪਹਿਲੀ ਗੁਲਾਮੀ ਨਾਲ ਬੇਹਦ ਖਤਰਨਾਕ ਅਤੇ ਖੌਫਨਾਕ ਹੋਵੇਗੀ। ਸਾਮਰਾਜਵਾਦ ਦੇ ਮਨਸੂਬੇ ਭਾਰਤ ਨੂੰ ਰਾਜਨੀਤਿਕ, ਸਭਿਆਚਾਰਕ ਤੇ ਆਰਿਥਕ ਤੌਰ 'ਤੇ ਗੁਲਾਮ ਕਰਨ ਦੇ ਹਨ।

# ਬਾਬੇ ਇੰਦਰ ਦਾ ਖੂੰਡਾ

-ਸੁਖਦੇਵ ਸਿੰਘ ਮਾਨ

ਬਾਬਾ ਇੰਦਰ ਸਾਡੇ ਲਾਣੇ ਦਾ ਸਾਂਝਾ ਥੰਮ੍ਹ ਸੀ। ਜਦੋਂ ਲਾਣੇ ਦੇ ਵਧੇ ਹੋਏ ਪਰਵਾਰਾਂ ਨੂੰ ਕੋਈ ਬਿਖੇੜਾ ਘੇਰ ਲੈਂਦਾ ਤਾਂ ਬਾਬਾ ਇੰਦਰ ਲੱਕ ਬੰਨ੍ਹ ਕੇ ਮੈਦਾਨ ਵਿੱਚ ਉਤਰਦਾ ਤੇ ਸੰਕਟ ਹੱਲ ਕਰਨ ਲਈ ਆਪਣੀ ਪੂਰੀ ਵਾਹ ਲਾ ਦਿੰਦਾ। ਸਿਰ ਉਤੇ ਚਿੱਟੇ ਖੱਦਰ ਦਾ ਗੋਲ ਪਰਨਾ, ਖੱਦਰ ਦੀ ਧੋਤੀ, ਪੈਰੀਂ ਧੌੜੀ ਦੇ ਜੋੜੇ ਅਤੇ ਹੱਥ ਵਿੱਚ ਖੂੰਡਾ ਫੜੀ ਉਹ ਮੈਨੂੰ ਪੁਰਾਣੇ ਬੋਹੜ ਦੇ ਵਾਂਗ ਜਾਪਦਾ, ਜਿਸ ਦੀ ਦੂਰ ਤੱਕ ਫੈਲਰੀ ਛਾਂ ਥੱਲੇ ਬੰਦੇ, ਔਰਤਾਂ, ਕੁੜੀਆਂ, ਮੁੰਡੇ ਸਭ ਸੁਰੱਖਿਅਤ ਮਹਿਸੂਸ ਕਰਦੇ। ਭਰਾਵਾਂ ਦੀ ਗ੍ਰਹਿਸਤ ਗੱਡੀ ਨੂੰ ਕੋਈ ਆਂਚ ਨਾ ਆਵੇ, ਇਸ ਮਨੋਰਥ ਨੂੰ ਧਿਆਨ ਵਿੱਚ ਰੱਖ ਕੇ ਬਾਬੇ ਇੰਦਰ ਨੇ ਚੜ੍ਹਦੀ ਉਮਰੇ ਹੀ ਵਿਆਹੁਤਾ ਜੀਵਨ ਵਿੱਚ ਪੈਰ ਪਾਉਣ ਤੋਂ ਨਾਂਹ ਕਰ ਦਿੱਤੀ ਸੀ। ਦੂਰ ਤੱਕ ਦੀਆਂ ਸਕੀਰੀਆਂ, ਮੇਲੇ ਮੁਸਾਹਬੇ, ਤੀਰਥ ਸਥਾਨ ਸਭ ਬਾਬੇ ਇੰਦਰ ਨੇ ਪੈਰੀਂ ਗਾਹੇ ਹੋਏ ਸਨ। ਹਰ ਗੇੜੇ ਮਗਰੋਂ ਉਸ ਕੋਲ ਦੱਸਣ ਲਈ ਕੀਮਤੀ ਗੱਲਾਂ ਦਾ ਖਜ਼ਾਨਾ ਹੁੰਦਾ। ਬਾਬਾ ਜਦੋਂ ਸੈਰ ਸਪਾਟੇ ਤੋਂ ਪਰਤਦਾ ਤਾਂ ਸਿਆਣੀ ਉਮਰ ਦੇ ਬੰਦੇ ਵੀ ਬਾਬੇ ਦੇ ਪੈਰੀਂ ਹੱਥ ਲਾਉਂਦੇ। ਉਨ੍ਹਾਂ ਦਾ ਕਿਆਸ ਹੁੰਦਾ ਕਿ ਤੀਰਥ ਤੋਂ ਪਰਤੇ ਬੰਦੇ ਦਾ ਸੰਗ ਵੀ ਤੀਰਥ ਜਿੰਨਾ ਸਬਾਬ ਦੇ ਜਾਂਦਾ ਹੈ।

ਬਾਬੇ ਇੰਦਰ ਬਾਰੇ ਉਂਜ ਪਿੰਡ ਵਿੱਚ ਬੜੀਆਂ ਗੱਲਾਂ ਮਸ਼ਹੂਰ ਸਨ, ਪਰ ਜੰਨ ਵਾਲੀ ਗੱਲ ਪਿੰਡ ਵਿੱਚ ਦਹਾਕਿਆਂ ਤੋਂ ਤੁਰੀ ਆਉਂਦੀ ਸੀ। ਸਾਡੇ ਪਿੰਡ ਮੌੜ ਕਲਾਂ ਦੀ ਕੱਚੀ ਧਰਮਸ਼ਾਲਾ ਵਿੱਚ ਫਰੀਦਕੋਟ ਲਾਗਲੇ ਪਿੰਡ ਬਲਾਹੜ੍ਹ ਵਿੰਝੂ ਤੋਂ ਵਿਗੜੀ ਹੋਈ ਜੰਨ ਦਾ ਉਤਾਰਾ ਹੋਇਆ। ਉਦੋਂ ਜੰਨ ਤਿੰਨ ਦਿਨ ਰਹਿੰਦੀ ਹੁੰਦੀ ਸੀ। ਸ਼ਰਾਬੀ ਹੋਏ ਬਰਾਤੀ ਹਰ ਗੱਲ ਵਿੱਚ ਨੁਕਸ ਲੱਭ ਲਿਆ ਕਰਨ। ਘੋੜੀਆਂ ਤੇ ਬੋਤਿਆਂ ਨੂੰ ਪਾਏ ਨੀਰੇ ਨੂੰ ਦੇਖ ਬਰਾਤੀ ਪਰੀਹਿਆਂ ਨੂੰ ਗਾਲਾਂ ਦੇਣ ਲੱਗੇ, ਪਰ ਪਰੀਹਿਆਂ ਨੇ ਪਿੰਡ ਦੀ ਮਰਿਯਾਦਾ ਦੇਖ ਕੇ ਦੜ ਵੱਟੀ ਰੱਖੀ। ਤੀਜੇ ਦਿਨ ਬਰਾਤੀ ਧਰਮਸ਼ਾਲਾ ਦੀ ਛੱਤ 'ਤੇ ਚੜ੍ਹ ਕੁੜੀਆਂ ਵੱਲ ਮੰਦੇ ਇਸ਼ਾਰੇ ਕਰਨ ਲੱਗੇ। ਪੱਤੀ ਦੇ ਬੰਦੇ ਦੁਖੀ ਹੋ ਕੇ ਬਾਬੇ ਇੰਦਰ ਕੋਲ ਆ ਗਏ।



ਉਸ ਦਿਨ ਬਾਬਾ ਭਰਾਵਾਂ ਲਈ ਫਿਰਨੀ ਉੱਤੇ ਦਰਵਾਜ਼ਾ ਛੱਤੀ ਜਾਂਦਾ ਸੀ। ਬਾਬੇ ਨਾਲ ਸਾਡੇ ਪਿੰਡ ਦੇ ਬੜੇ ਖਰਾਂਟ ਮਿਸਤਰੀ ਜਰਨੈਲਾ ਤੇ ਕਰਨੈਲਾ ਸਨ। ਮਿਸਤਰੀਆਂ ਬਾਰੇ ਮਸ਼ਹੂਰ ਸੀ ਕਿ ਉਨ੍ਹਾਂ ਦੇ ਗੁੱਟ ਨੂੰ ਕਿਸੇ ਵੀ ਮੇਲੇ ਤੋਂ ਕੜਾ ਮੇਚ ਨਹੀਂ ਆਉਂਦਾ ਸੀ। ਬਾਬਾ ਉਨ੍ਹਾਂ ਲਈ ਅੰਮ੍ਰਿਤਸਰ ਲਾਗਲੇ ਵਿਰਕ ਟੱਪੇ ਤੋਂ ਖਾਸ ਮੇਚ ਦੇ ਸਰਬ ਲੋਹ ਦੇ ਕੜੇ ਲਿਆਇਆ ਸੀ। ਜੰਨ ਦੀ ਹਰਕਤ ਬਾਰੇ ਸੁਣ ਕੇ ਬਾਬਾ ਕਹਿੰਦਾ, 'ਆਪਾਂ ਧੀ ਵਾਲਿਆਂ ਦਾ ਵਿਆਹ ਨਹੀਂ ਖਰਾਬ ਕਰਨਾ। ਪਹਿਲਾਂ ਪੁੱਤ ਵਾਲੇ ਖਾਸ ਬੰਦਿਆਂ ਨੂੰ ਇਕ ਸਬਾਤ ਵਿੱਚ ਬਹਾ ਦਿਓ।'

ਪਤਾ ਕੀਤਾ, ਪੁੱਤ ਵਾਲੇ ਸਾਊ ਬੰਦੇ ਸੀ, ਨਾਲੇ ਆਏ ਸ਼ਰੀਕ ਉਨ੍ਹਾਂ ਨੂੰ ਨੀਵਾਂ ਦਿਖਾਉਣ ਲਈ ਗਲਤ ਹਰਕਤਾਂ ਕਰ ਰਹੇ ਸਨ। ਪੁੱਤ ਵਾਲੇ ਦੇ ਨਿਖੇੜੇ ਦੀ ਤਸੱਲੀ ਕਰਕੇ ਬਾਬੇ ਨੇ ਖੂੰਡਾ ਸਾਂਭ ਲਿਆ। ਮਿਸਤਰੀਆਂ ਨੇ ਛੱਤ ਪਾਉਣ ਵਾਲੇ ਬੱਤੇ ਚੁੱਕੇ ਲਏ। ਬਾਬਾ ਕੰਡ ਪਿੱਛੇ ਵਾਰ ਕਰਨ ਵਾਲਿਆਂ ਵਿੱਚੋਂ ਹੈ ਨਹੀਂ ਸੀ। ਉਸ ਨੇ ਪੱਤੀ ਵਾਲਿਆਂ ਨਾਲ ਇਸ਼ਾਰਾ ਮਿਲਾ ਕੇ ਲਲਕਾਰਾ ਮਾਰਿਆ। ਕੁਝ ਸ਼ਰਾਰਤੀ ਬਰਾਤੀ ਛੱਤ ਦੇ ਮਗਰੋਂ ਛਾਲਾਂ ਮਾਰ ਭੱਜ ਗਏ, ਬਾਕੀਆਂ ਨੂੰ ਬਾਬੇ ਹੋਰਾਂ ਦੇ ਖੂੰਡੇ ਨੇ ਛਾਂਗ ਨੰਗੇ ਪੈਰੀਂ ਵਾਹਣੀ ਪਾ ਦਿੱਤਾ। ਵਿਆਹ ਦੀਆਂ ਬਾਕੀ ਰਸਮਾਂ ਪੱਤੀ ਵਾਲਿਆਂ ਨੇ ਸ਼ਾਂਤੀ ਨਾਲ ਨੇਪਰੇ ਚਾੜ੍ਹ ਦਿੱਤੀਆਂ।

ਬਾਬੇ ਇੰਦਰ ਨੂੰ ਭਾਵੇਂ ਫਾਨੀ ਸੰਸਾਰ ਤੋਂ ਰੁਖਸਤ ਹੋਇਆਂ ਦਹਾਕੇ ਬੀਤ ਚੁੱਕੇ ਹਨ, ਹੁਣ ਵੀ ਜਦੋਂ ਕੋਈ ਬਦਮਾਸ਼ ਪਿੰਡ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਆਪਣੀ ਜ਼ਿੱਦ ਪਗਾਉਣ 'ਤੇ ਤੁਲ ਜਾਂਦਾ ਹੈ ਤਾਂ ਸੱਥਾਂ ਵਿੱਚ ਬਹਿੰਦੀ ਅਕਸਰ ਖਾਮੋਸ਼ ਰਹਿਣ ਵਾਲੀ ਬਹੁਗਿਣਤੀ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ ਕਿ ਅੱਜ ਕਿਤੇ ਹੁੰਦਾ ਬਾਬਾ ਇੰਦਰ ਤਾਂ..!

# ਪੇਪਰ ਤੇ ਪਰਚੀ

-ਸੁਪਿੰਦਰ ਸਿੰਘ ਰਾਣਾ

ਭਤੀਜੀ ਦੇ ਪੇਪਰ ਸ਼ੁਰੂ ਹੋ ਚੁੱਕੇ ਸਨ। ਉਸ ਨੂੰ ਕਈ ਵਾਰ ਟੋਕਿਆ ਸੀ, 'ਮਰ ਜਾਣੀਏ ਐਤਕੀਂ ਤੇਰੀ ਬੋਰਡ ਦੀ ਜਮਾਤ ਐ, ਪੜ੍ਹਾਈ ਵੱਲ ਜ਼ਿਆਦਾ ਧਿਆਨ ਦੇ।' ਉਹ ਅੱਗੋਂ 'ਚੰਗੇ ਨੰਬਰਾਂ ਨਾਲ ਪਾਸ ਹੋ ਕੇ ਦਿਖਾਵਾਂਗੀ' ਕਹਿ ਕੇ ਟਾਲ ਜਾਂਦੀ। ਜਿਉਂ-ਜਿਉਂ ਪੇਪਰਾਂ ਦੇ ਦਿਨ ਨੇੜੇ ਆ ਰਹੇ ਸਨ, ਉਹ ਐਨ ਬੇਫਿਕਰ ਲੱਗਦੀ ਸੀ, ਪਰ ਮੈਨੂੰ ਫਿਕਰ ਵੱਢ-ਵੱਢ ਖਾ ਰਿਹਾ ਸੀ। ਮੀਡੀਆ ਵਿੱਚ ਨਕਲ ਖਿਲਾਫ ਸਖਤੀ ਵਰਤਣ ਅਤੇ ਸਰਹੱਦੀ ਖੇਤਰਾਂ ਦੇ ਪ੍ਰੀਖਿਆ ਕੇਂਦਰਾਂ ਵਿੱਚ ਹੁੰਦੀ ਸ਼ਰ੍ਹੇਆਮ ਨਕਲ ਦੀਆਂ ਖਬਰਾਂ ਰੋਜ਼ ਆ ਰਹੀਆਂ ਸਨ।



ਭਤੀਜੀ ਦੇ ਬੋਰਡ ਦੇ ਪੇਪਰ ਹੋਣ ਕਾਰਨ ਮੈਨੂੰ ਆਪਣੇ ਬੀ ਏ ਫਾਈਨਲ ਦੇ ਪੇਪਰਾਂ ਦੀ ਯਾਦ ਆ ਗਈ। ਅਸੀਂ ਜਦੋਂ ਦੋਵੇਂ ਭਰਾ ਚੰਡੀਗੜ੍ਹ ਦੇ ਸੈਕਟਰ 11 ਵਾਲੇ ਸਰਕਾਰੀ ਕਾਲਜ ਵਿੱਚ ਇਮਤਿਹਾਨ ਦੇ ਰਹੇ ਸਾਂ। ਸਾਡੇ ਘਰ ਨੇੜੇ ਰਹਿਣ ਵਾਲਾ ਸਾਡਾ ਮਿੱਤਰ ਸੰਦੀਪ ਵੀ ਪੇਪਰ ਦੇ ਰਿਹਾ ਸੀ। ਉਸ ਦਿਨ ਅੰਗਰੇਜ਼ੀ ਦਾ ਪਰਚਾ ਸੀ। ਪਿੰਡ ਵਾਲਿਆਂ ਦਾ ਇਸ ਵਿਸ਼ੇ ਪ੍ਰਤੀ ਹੱਥ ਜ਼ਰਾ ਤੰਗ ਰਹਿੰਦਾ ਹੈ। ਇਹ ਵਿਸ਼ਾ ਮੈਰਿਟ ਵੀ ਘਟਾਉਂਦਾ ਸੀ। ਬਾਕੀ ਪੇਪਰਾਂ ਵਿੱਚ ਚੰਗੇ ਨੰਬਰ ਲੈ ਜਾਂਦੇ, ਪਰ ਅੰਗਰੇਜ਼ੀ ਵਿੱਚ ਬੱਸ ਪੁਆਇੰਟਾਂ 'ਤੇ ਹੀ ਪਾਸ ਹੁੰਦੇ ਸਾਂ।

ਮੇਰਾ ਇਹ ਦੋਸਤ ਸੰਦੀਪ ਅਤੇ ਮੈਂ ਇਕੋ ਕਮਰੇ ਵਿੱਚ ਬੈਠੇ ਪੇਪਰ ਦੇ ਰਹੇ ਸਾਂ। ਲੈਕਚਰਾਰ ਕਈ ਵਾਰ ਆਖ ਚੁੱਕਿਆ ਸੀ ਕਿ ਜੇ ਕਿਸੇ ਕੋਲ ਪਰਚੀ ਹੈ ਤਾਂ ਹੁਣੇ ਕੱਢ ਦੇਵੇ, ਜੇ ਫਲਾਇੰਗ ਸਕੁਐਡ ਆ ਗਈ ਤਾਂ ਤੁਹਾਡੀ ਕੋਈ ਮਦਦ ਨਹੀਂ ਹੋਣੀ। ਇਸ ਹੋਕੇ ਦੇ ਡਰੋਂ ਜਿੰਨਾ ਕੁ ਅਸੀਂ ਯਾਦ ਕਰਕੇ ਆਏ ਸਾਂ, ਉਹ ਵੀ ਭੁੱਲਦਾ ਪ੍ਰਤੀਤ ਹੋ ਰਿਹਾ ਸੀ। ਉਂਜ ਅਜੇ ਤੱਕ ਕਿਸੇ ਪੇਪਰ ਵਿੱਚ ਫਲਾਇੰਗ ਸਕੁਐਡ ਆਈ ਨਹੀਂ ਸੀ, ਪਰ ਅੱਜ ਪਤਾ ਨਹੀ ਕੀਹਦਾ ਮੂੰਹ ਦੇਖ ਕੇ ਆਏ ਸੀ, ਡੇਢ ਘੰਟੇ ਮਗਰੋਂ ਇਹ ਦਸਤਾ ਸਾਡੇ ਸੈਂਟਰ ਅੰਦਰ ਆ ਗਿਆ। ਸਾਰੇ ਪਾਸੇ ਘੁਸਰ ਮੁਸਰ ਹੋਣ ਲੱਗ ਪਈ। ਝੱਟ ਪਿੱਛੋਂ ਹੀ ਟੀਮ ਸਾਡੇ ਕਮਰੇ ਵਿੱਚ ਆਣ ਵੜੀ। ਇਧਰ ਉਧਰ ਘੁੰਮਣ ਮਗਰੋਂ ਉਨ੍ਹਾਂ ਦੀ ਨਜ਼ਰ ਸੰਦੀਪ ਨੇੜੇ ਫਰਸ਼ 'ਤੇ ਪਏ ਕਾਗਜ਼ ਉਤੇ ਪੈ ਗਈ। ਟੀਮ ਦੇ ਇਕ ਮੈਂਬਰ ਨੇ ਕਾਗਜ਼ ਚੁੱਕਿਆ ਅਤੇ ਤਹਿਆਂ ਫਰੋਲਣ ਲੱਗ ਪਿਆ। ਦੂਜੇ ਮੈਂਬਰ ਨੇ ਸੰਦੀਪ ਨੂੰ ਖੜਾ ਕਰ ਲਿਆ। ਉਸ ਨੇ ਬਥੇਰਾ ਕਿਹਾ ਕਿ ਇਹ ਪਰਚੀ ਉਹਦੀ ਨਹੀਂ। ਉਸ ਨੇ ਫਲਾਇੰਗ ਟੀਮ ਨੂੰ ਆਪਣਾ ਪੇਪਰ ਵੀ ਚੈਕ ਕਰਨ ਲਈ ਕਿਹਾ, ਪਰ ਟੀਮ ਮੈਂਬਰਾਂ ਨੇ ਇਕ ਨਾ ਸੁਣੀ ਅਤੇ ਉਸ ਅੱਗੇ ਕਾਗਜ਼ ਧਰ ਦਿੱਤਾ ਅਤੇ ਦਸਤਖਤ ਕਰਨ ਲਈ ਕਿਹਾ। ਉਸ ਦੀ ਉਤਰ ਕਾਪੀ ਵੀ ਟੀਮ ਨੇ ਆਪਣੇ ਕੋਲ ਰੱਖ ਲਈ ਸੀ। ਮਿੰਨਤਾਂ ਨਾਲ ਵੀ ਟੀਮ ਮੈਂਬਰਾਂ 'ਤੇ ਕੋਈ ਅਸਰ ਨਹੀਂ ਹੋਇਆ ਤੇ ਆਖਰ ਉਸ ਨੂੰ ਕਾਗਜ਼ 'ਤੇ ਦਸਤਖਤ ਕਰਨੇ ਪਏ। ਉਸ ਨੂੰ ਕਮਰੇ ਵਿੱਚੋਂ ਵੀ ਕੱਢ ਦਿੱਤਾ ਗਿਆ।

ਪੇਪਰ ਸਮਾਪਤ ਹੋਇਆ। ਸਾਰੇ ਵਿਦਿਆਰਥੀ ਕਮਰਿਆਂ ਤੋਂ ਬਾਹਰ ਆ ਗਏ। ਸਾਰੇ ਸੰਦੀਪ ਨਾਲ ਦੁੱਖ ਵੰਡਾਉਣ ਲੱਗੇ। ਹਰ ਕੋਈ ਆਪਣੇ ਹਿਸਾਬ ਨਾਲ ਸਲਾਹਾਂ ਦੇ ਰਿਹਾ ਸੀ। ਉਹ ਉਦਾਸ ਸੀ। ਉਸ ਖਿਲਾਫ ਕੇਸ ਬਣ ਜਾਣਾ ਸੀ ਅਤੇ ਉਸ ਨੇ ਫਿਰ ਤਿੰਨ ਸਾਲ ਪੇਪਰ ਨਹੀਂ ਸੀ ਦੇ ਸਕਣਾ। ਉਸ ਨੂੰ ਹੋਰ ਕੋਈ ਮਲਾਲ ਨਹੀਂ ਸੀ ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਿੱਛੇ ਬੈਠੇ ਸੁਖਜਿੰਦਰ ਨੇ ਫਲਾਇੰਗ ਸਕੁਐਡ ਦੇ ਡਰੋਂ ਉਸ ਦੇ ਮੇਜ਼ ਕੋਲ ਇਹ ਕਾਗਜ਼ ਸੁੱਟਿਆ ਸੀ ਤਾਂ ਉਹ ਬਹੁਤ ਔਖਾ ਹੋਇਆ। ਅਖੀਰ ਦੋਸਤਾਂ ਦੇ ਕਹਿਣ 'ਤੇ ਉਹ ਚੁੱਪ ਵੱਟ ਗਿਆ। ਅਸੀਂ ਯੂਨੀਵਰਸਿਟੀ ਦੇ ਕਾਫੀ ਗੇੜੇ ਮਾਰੇ। ਕਈ ਅਧਿਕਾਰੀਆਂ ਤੱਕ ਪਹੁੰਚ ਵੀ ਕੀਤੀ, ਹੱਥ ਪੱਲੇ ਕੁਝ ਨਾ ਪਿਆ।

ਫਿਰ ਨਤੀਜਾ ਆਇਆ, ਅਸੀਂ ਸਾਰੇ ਪਾਸ ਹੋ ਗਏ, ਸੰਦੀਪ ਅਤੇ ਸੁਖਜਿੰਦਰ ਰਹਿ ਗਏ ਸਨ। ਸੰਦੀਪ ਦੇ ਬੀ ਏ ਭਾਗ ਪਹਿਲਾ ਤੇ ਦੂਜਾ ਵਿੱਚ ਚੰਗੇ ਨੰਬਰ ਆਏ ਸਨ, ਪਰ ਉਹਦੀ ਪੜ੍ਹਾਈ ਦੀਆਂ ਸੱਧਰਾਂ ਮਨ ਵਿੱਚ ਰਹਿ ਗਈਆਂ। ਦੋ ਦਹਾਕਿਆਂ ਮਗਰੋਂ ਉਹ ਚੰਗੇ ਵਪਾਰੀ ਵਜੋਂ ਨਿੱਖਰ ਆਇਆ। ਬਾਅਦ ਵਿੱਚ ਪਤਾ ਲੱਗਾ ਕਿ ਸੁਖਜਿੰਦਰ ਆਪਣੇ ਪਿਤਾ ਦੀ ਮੌਤ ਮਗਰੋਂ ਉਸੇ ਵਿਭਾਗ ਵਿੱਚ ਨੌਕਰ ਲੱਗ ਗਿਆ ਸੀ, ਪਰ ਗਰੈਜੂਏਟ ਉਹ ਵੀ ਨਾ ਬਣ ਸਕਿਆ।

ਦਿਲ ਕੀਤਾ, ਇਹ ਕਹਾਣੀ ਆਪਣੀ ਭਤੀਜੀ ਨੂੰ ਸੁਣਾਵਾਂ, ਪਰ ਡਰਦਾ ਸਾਂ ਕਿ ਕਿਤੇ ਉਹ ਡਰ ਨਾ ਜਾਵੇ। ਸਰਕਾਰ ਵੱਲੋਂ ਪ੍ਰੀਖਿਆ ਕੇਂਦਰਾਂ ਵਿੱਚ ਕੈਮਰੇ ਲਾਉਣ ਦੀਆਂ ਖਬਰਾਂ ਪੜ੍ਹਦਿਆਂ ਸੁਣਦਿਆਂ ਮਨ ਸੋਚਣ ਲੱਗ ਪੈਂਦਾ ਹੈ ਕਿ ਸ਼ਾਇਦ ਹੁਣ ਸੰਦੀਪ ਵਰਗੇ ਵਿਦਿਆਰਥੀਆਂ ਨੂੰ ਕਿਸੇ ਹੋਰ ਦੀ ਸਜ਼ਾ ਨਾ ਭੁਗਤਣੀ ਪਵੇ।

# ਹਨੇਰੇ ਨਾਲ ਲੜਾਈ

-ਕੁਲਵਿੰਦਰ ਕੌਰ ਮਲੋਟ

ਅੱਖਾਂ 'ਚ ਰੜਕ ਮਹਿਸੂਸ ਹੋਈ, ਲੱਗਿਆ ਜਿਵੇਂ ਅੱਜ ਫਿਰ ਛੱਤ ਤੋਂ ਟਾਈਲਾਂ ਦੀ ਲਾਲ ਭੂਰੀ ਮਿੱਟੀ ਮੇਰੇ ਚਿਹਰੇ 'ਤੇ ਆਣ ਪਈ ਹੋਵੇ।

ਪੁੱਤਰ ਦੇ ਦੋਸਤ ਨੇ ਅਖਬਾਰ ਵਿੱਚ ਮੇਰਾ ਲੇਖ ਪੜ੍ਹ ਕੇ ਫੋਨ ਕੀਤਾ ਸੀ। ਉਹ ਸਾਹਿਤਕ ਰੁਚੀਆਂ ਕਾਰਨ ਮੇਰਾ ਵੀ ਦੋਸਤ ਬਣ ਚੁੱਕਾ ਸੀ। ਘਰ ਆਵੇ ਤਾਂ ਘੰਟਿਆਂ ਬੱਧੀ ਬੈਠਾ ਰਹਿੰਦਾ। ਆਪਣੀਆਂ ਗਹਿਰ-ਗੰਭੀਰ ਕਵਿਤਾਵਾਂ ਸੁਣਾਉਂਦਾ। ਮੈਂ ਹੈਰਾਨ ਹੁੰਦੀ ਕਿ ਜਿਹੜੀ ਉਮਰ ਪਿਆਰ-ਵਿਆਰ ਬਾਰੇ ਕਵਿਤਾਵਾਂ ਲਿਖਣ ਦੀ ਹੈ, ਉਸ ਕਦਮ ਤੋਂ ਅਗਲੇਰੇ ਪੜਾਅ 'ਤੇ ਉਹ ਪਹਿਲਾਂ ਕਿਵੇਂ ਪਹੁੰਚ ਗਿਆ ਸੀ। ਮੈਨੂੰ ਖੁਸ਼ੀ ਹੁੰਦੀ ਕਿ ਜਵਾਨ ਉਮਰ ਵਿੱਚ ਜਦੋਂ ਬਹੁਤੇ ਬੱਚੇ ਨਸ਼ਿਆਂ ਜਾਂ ਹੋਰ ਮਾੜੀਆਂ ਆਦਤਾਂ ਦਾ ਸ਼ਿਕਾਰ ਹੁੰਦੇ ਹਨ ਤਾਂ ਉਹ ਉਨ੍ਹਾਂ ਤੋਂ ਬਚਿਆ ਹੋਇਆ ਹੈ। ਪਿਛਲੀਆਂ ਕੁਝ ਮੁਲਾਕਾਤਾਂ ਦੌਰਾਨ ਸਾਡੀ ਗੱਲਬਾਤ ਸਾਹਿਤ ਨਾਲੋਂ ਉਸ ਦੇ ਭਵਿੱਖ ਬਾਰੇ ਹੋਣ ਲੱਗੀ। ਮੈਥ ਵਿੱਚ ਪੂਰੀ ਮੁਹਾਰਤ ਦੇ ਬਾਵਜੂਦ ਉਹ ਐਮ ਐਸ ਸੀ ਕਰਦਾ ਕਰਦਾ ਪੜ੍ਹਾਈ ਛੱਡ ਗਿਆ। ਅਗਲੀ ਵਾਰ ਪਤਾ ਲੱਗਾ ਕਿ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਕਰਨ ਲੱਗਾ ਹੈ। ਫਿਰ ਨੌਕਰੀ ਵੀ ਛੱਡ ਦਿੱਤੀ। ਉਹ ਅਜਿਹਾ ਕਿਉਂ ਕਰ ਰਿਹਾ ਹੈ, ਇਸ ਬਾਰੇ ਉਹ ਗੱਲ ਕਰਨ ਤੋਂ ਸੰਕੋਚ ਕਰਦਾ।

ਫੋਨ 'ਤੇ ਉਸ ਦੀ ਗੱਲਬਾਤ ਦੇ ਨਾਲ ਨਾਲ ਮੇਰੀਆਂ ਸੋਚਾਂ ਨੇ ਪਲਟਾ ਖਾਧਾ ਅਤੇ ਘਰ ਦੀ ਹਾਲਤ ਮੇਰੇ ਸਾਹਮਣੇ ਸਾਕਾਰ ਹੋਣ ਲੱਗੀ। ਅਕਸਰ ਹੀ ਘਰ ਦੀਆਂ ਛੱਤਾਂ ਤੋਂ ਡਿਗਦੀ ਮਿੱਟੀ ਕਦੇ ਕਦੇ ਮਿੱਟੀ ਅੱਖਾਂ 'ਚ ਪੈ ਜਾਂਦੀ। ਕੋਈ ਕੋਈ ਟਾਈਲ ਹੀ ਸਾਬਤ ਸਬੂਤੀ ਸੀ। ਕਈ ਵਾਰ ਡਰ ਵੀ ਲੱਗਦਾ ਕਿ ਕੋਈ ਪੂਰੀ ਟਾਈਲ ਡਿੱਗ ਕੇ ਕਿਤੇ ਸਾਡੇ ਕਿਸੇ ਦਾ ਕੰਮ ਤਮਾਮ ਨਾ ਕਰ ਦੇਵੇ। ਸਾਨੂੰ ਪਤਾ ਨਹੀਂ ਸੀ ਕਿ ਮਕਾਨ ਦੀ ਮੁਰੰਮਤ ਕਿਉਂ ਨਹੀਂ ਕਰਵਾਈ ਜਾਂਦੀ। ਮੀਂਹ ਕਣੀ ਦੇ ਦਿਨਾਂ ਵਿੱਚ ਕੁਝ ਥਾਵਾਂ 'ਤੇ ਭਾਪਾ ਜੀ ਆਪ ਹੀ ਇੱਕ-ਦੋ ਇੱਟਾਂ ਲਾ ਕੇ ਡੰਗ ਟਪਾ ਲੈਂਦੇ। ਕੱਚੀ ਥਾਂ ਹੋਣ ਕਾਰਨ ਚੁੱਲ੍ਹਾ ਵੀ ਭਿੱਜ ਜਾਂਦਾ ਤੇ ਆਸੇ-ਪਾਸੇ ਚਿੱਕੜ ਹੋ ਜਾਂਦਾ। ਚਾਹ-ਰੋਟੀ ਬਣਾਉਣੀ ਔਖੀ ਹੋ ਜਾਂਦੀ। ਬਾਅਦ ਵਿੱਚ ਪਤਾ ਲੱਗਾ ਕਿ ਬਾਪ ਦੀ ਸੋਚ ਘਰ 'ਤੇ ਪੈਸਾ ਲਾਉਣ ਦੀ ਥਾਂ ਕੰਮ ਦੇ ਵਾਧੇ ਵਿੱਚ ਪੈਸਾ ਲਾਉਣ ਦੀ ਸੀ, ਜਿਸ ਨਾਲ ਹੋਰ ਤਰੱਕੀ ਹੋ ਸਕੇ। ਉਹ ਪਹਿਨਣ ਵਾਲੇ ਕੱਪੜੇ ਵੀ ਸਾਦੇ ਰੱਖਦੇ। ਮੇਰੀ ਮਾਂ ਵੀ ਮਰਦੇ ਦਮ ਤੱਕ ਦੁਕਾਨ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਰਹੇ ਸਨ। ਮੌਤ ਤੋਂ ਥੋੜ੍ਹੇ ਸਾਲ ਪਹਿਲਾਂ ਜਦੋਂ ਉਨ੍ਹਾਂ ਨੂੰ ਕਿਸੇ ਨੇ ਬੁਢਾਪਾ ਪੈਨਸ਼ਨ ਲਵਾਉਣ ਲਈ ਫਾਰਮ ਭਰਨ ਲਈ ਕਿਹਾ ਤਾਂ ਉਨ੍ਹਾਂ ਨੇ ਨੂੰਹ ਪੁੱਤ ਨੌਕਰੀਆਂ ਕਰਦੇ ਹੋਣ ਕਾਰਨ ਮਾਣ ਮਹਿਸੂਸ ਕਰਦਿਆਂ ਫਾਰਮ ਭਰਨ ਤੋਂ ਜਵਾਨ ਦੇ ਦਿੱਤਾ ਸੀ।

ਪੁੱਤਰ ਦਾ ਦੋਸਤ ਦੱਸ ਰਿਹਾ ਸੀ ਕਿ ਉਹ ਚੰਡੀਗੜ੍ਹ ਹੈ ਤੇ ਥੀਏਟਰ ਕਰਦਾ ਹੈ। ਮੈਨੂੰ ਇਹ ਸੁਣ ਕੇ ਹੈਰਾਨੀ ਹੋਈ। ਇਸ ਖੇਤਰ ਦਾ ਬੇਸ਼ੱਕ ਉਸ ਨੂੰ ਸ਼ੌਕ ਹੈ, ਉਹ ਬਿਹਤਰੀਨ ਕਹਾਣੀਆਂ ਦਾ ਸਟੇਜ ਰੂਪਾਂਤਰਨ ਕਰਨਾ ਚਾਹੁੰਦਾ ਹੈ, ਪਰ ਇਸ ਸ਼ੌਕ ਤੋਂ ਕਮਾਈ ਕਰਨ ਲਈ ਉਸ ਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪੈ ਸਕਦਾ ਹੈ। ਮੈਨੂੰ ਉਸ ਦਾ ਇਸ ਤਰ੍ਹਾਂ ਵਾਰ ਵਾਰ ਕੰਮ ਬਦਲਣਾ ਠੀਕ ਨਾ ਲੱਗਾ। ਗੱਲਬਾਤ ਦੌਰਾਨ ਉਸ ਨੇ ਪੁੱਛਿਆ, 'ਤੁਸੀਂ ਮੇਰੀ ਇੱਕ ਕੰਮ ਵਿੱਚ ਮਦਦ ਕਰੋਗੇ?' ਮੇਰੇ ਹੁੰਗਾਰਾ ਭਰਨ 'ਤੇ ਉਸ ਨੇ ਕਹਿਣਾ ਸ਼ੁਰੂ ਕੀਤਾ, ''ਮੈਨੂੰ ਆਪਣੀ ਜ਼ਿੰਦਗੀ ਵਿੱਚ ਹਨੇਰਾ ਹੀ ਹਨੇਰਾ ਦਿਸਦਾ ਹੈ।'' ਮੈਂ ਉਸ ਦੀ ਕੰਮ ਦੀ ਚੋਣ ਦੀ ਸਮੱਸਿਆ ਨੂੰ ਸਮਝਦਿਆਂ ਆਖਿਆ ਕਿ ਬੜੇ ਧੀਰਜ ਨਾਲ ਬੈਠ ਕੇ ਆਪਣੇ ਕਰਨ ਯੋਗ ਕੰਮਾਂ ਦੀ ਲਿਸਟ ਬਣਾਵੇ ਤੇ ਫਿਰ ਉਸ ਨੂੰ ਪੂਰਾ ਹੋਣ ਜਾਂ ਨਾ ਹੋਣ ਬਾਰੇ ਘਰੇਲੂ ਹਾਲਾਤ ਦਾ ਜਾਇਜ਼ਾ ਲਵੇ। ਫਿਰ ਮੈਨੂੰ ਮਹਿਸੂਸ ਹੋਇਆ ਕਿ ਗੱਲ ਇੰਨੀ ਸਰਲ ਨਹੀਂ ਸੀ। ਉਸ ਨੇ ਗੱਲ ਜਾਰੀ ਰੱਖੀ- 'ਮੈਂ ਤੁਹਾਡੇ ਨਾਲ ਇਹ ਗੱਲ ਸਾਲ ਪਹਿਲਾਂ ਕਰਨੀ ਚਾਹੁੰਦਾ ਸੀ ਕਿ ਸਾਡੇ 'ਤੇ ਆੜ੍ਹਤੀਆਂ ਅਤੇ ਬੈਂਕਾਂ ਵਾਲਿਆਂ ਦਾ ਕਰਜ਼ਾ ਬਹੁਤ ਹੈ। ਬਾਪ ਕਰਜ਼ਾ ਲਾਹੁਣ ਦੇ ਸਮਰੱਥ ਨਹੀਂ, ਬਿਮਾਰੀਆਂ ਕਾਰਨ ਉਹ ਖੁਦ ਕੰਮ ਨਹੀਂ ਕਰ ਸਕਦਾ, ਭੈਣ ਦੇ ਵਿਆਹ ਦੇ ਫਿਕਰ ਵਿੱਚ ਅਸੀਂ ਬਹੁਤੇ ਪੈਸੇ ਘਰ ਉਪਰ ਖਰਚ ਕਰ ਦਿੱਤੇ।''

ਮੇਰੀਆਂ ਅੱਖਾਂ ਅੱਗੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀਆਂ ਖਬਰਾਂ ਆਉਣ ਲੱਗੀਆਂ। ਉਹ ਆਪਣੀ ਬੇਵਸੀ ਜ਼ਾਹਿਰ ਕਰ ਰਿਹਾ ਸੀ, 'ਕਰਜ਼ਾ ਲਾਹੁਣ ਲਈ ਜਦੋਂ ਮੈਂ ਘਰੇ ਗੱਲ ਕਰਦਾ ਹਾਂ ਤਾਂ ਮੈਨੂੰ ਕਹਿਣਗੇ, ਤੂੰ ਨਿਆਣਾ ਏਂ, ਕਿਉਂ ਫਿਕਰ ਕਰਦੈਂ। ਮੇਰੀ ਗੱਲ ਹੀ ਨਹੀਂ ਸੁਣਦੇ?' ਥੋੜ੍ਹਾ ਖਾਮੋਸ਼ ਰਹਿ ਕੇ ਉਹ ਫਿਰ ਬੋਲਿਆ, 'ਬਾਪ ਮੇਰਾ ਜ਼ਮੀਨ ਵੇਚਣੀ ਨਹੀਂ ਚਾਹੁੰਦਾ।' ਮੈਂ ਪਿੰਡ ਵਿੱਚ ਰਹਿੰਦਿਆਂ ਬਣੀ ਸਮਝ ਅਨੁਸਾਰ ਜਵਾਬ ਦਿੱਤਾ, 'ਹਾਂ, ਜੱਟ ਆਪਣੀ ਜ਼ਮੀਨ ਨੂੰ ਮਾਂ ਸਮਝਦੈ, ਉਹ ਜ਼ਮੀਨ ਹੋਰ ਭਾਵੇਂ ਖਰੀਦ ਲਵੇ, ਵੇਚਣਾ ਮੌਤ ਲੱਗਦੀ ਹੈ। ਘਰਦਿਆਂ ਨੂੰ ਕੋਲ ਬਿਠਾ ਕੇ ਇਹ ਸਮਝਾ ਬਈ ਕਰਜ਼ਾ ਲਾਹੁਣ ਲਈ ਹੋਰ ਫਿਰ ਕੀ ਕੀਤਾ ਜਾਵੇ।'

ਗੱਲਬਾਤ ਖਤਮ ਹੋਣ ਤੋਂ ਬਾਅਦ ਸੋਚ ਰਿਹਾ ਸੀ ਕਿ ਇਹ ਮੁੰਡਾ ਤਾਂ ਸਾਹਿਤ ਨਾਲ ਜੁੜਿਆ ਹੋਇਆ ਹੈ, ਇਸ ਦੀ ਥਾਂ ਜੇ ਕੋਈ ਹੋਰ ਹੁੰਦਾ...। ਇਸ ਤੋਂ ਅੱਗੇ ਮੈਥੋਂ ਸੋਚ ਨਾ ਹੋਇਆ।

# ਸੇਵਾਮੁਕਤੀ ਮਗਰੋਂ ਮੁਨਫੀ ਹੁੰਦਾ ਆਦਮੀ

-ਵਰਿੰਦਰ ਸ਼ਰਮਾ




ਜ਼ਿੰਦਗੀ ਦੇ ਉਹ ਪਲ ਬੇਹੱਦ ਦੁਖਦਾਈ ਹੁੰਦੇ ਹਨ, ਜਦੋਂ ਕਿਸੇ ਵਿਅਕਤੀ ਨੂੰ ਸੇਵਾ ਮੁਕਤੀ ਤੋਂ ਬਾਅਦ ਆਪਣੇ ਹੀ ਸਾਥੀਆਂ, ਸਮਾਜ, ਦਫਤਰ ਜਾਂ ਸੰਸਥਾਨ ਵੱਲੋਂ ਓਦਾਂ ਦਾ ਆਦਰ ਸਤਿਕਾਰ ਨਹੀਂ ਮਿਲਦਾ, ਜੋ ਕਦੇ ਉਸ ਨੂੰ ਕੰਮ ਕਰਨ ਵੇਲੇ ਮਿਲਦਾ ਸੀ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਪਿਆਰ ਦੀ ਥਾਂ ਰੁੱਖੇਪਣ ਨੇ ਕਿਉਂ ਲੈ ਲਈ ਹੈ? ਖੁਸ਼ ਕੋਈ ਜਾਪਦਾ ਹੀ ਨਹੀਂ ਜਾਂ ਸ਼ਾਇਦ ਖੁਸ਼ ਰਹਿਣਾ ਨਹੀਂ ਚਾਹੁੰਦਾ।

ਨਿਰ ਸੰਦੇਹ ਪੁਰਾਤਨ ਸਮਾਂ ਵਧੀਆ ਸੀ, ਕਿਉਂਕਿ ਲੋਕਾਂ ਵਿੱਚ ਮੋਹ-ਪਿਆਰ ਅਤੇ ਭਾਈਚਾਰੇ ਦੀਆਂ ਤੰਦਾਂ ਬਹੁਤ ਮਜ਼ਬੂਤ ਸਨ। ਤ੍ਰਾਸਦੀ ਇਹ ਹੈ ਕਿ ਹੁਣ ਲੋਕਾਂ ਵਿੱਚ ਅਜਿਹੀਆਂ ਭਾਵਨਾਵਾਂ ਦੀ ਘਾਟ ਹੈ। ਜ਼ਿਆਦਾਤਰ ਲੋਕ ਆਪਮੁਹ-ਾਰੇ ਬਣਦੇ ਜਾ ਰਹੇ ਹਨ। ਸ਼ਾਇਦ ਇਸੇ ਲਈ ਰਿਸ਼ਤੇ-ਨਾਤੇ, ਦੋਸਤੀ ਤੇ ਆਪਸੀ ਸਾਂਝ ਖਤਮ ਹੁੰਦੀ ਜਾ ਰਹੀ ਹੈ। ਜਦੋਂ ਕਿਸੇ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਜਾਵੇ ਤਾਂ ਮਨ ਬੜਾ ਦੁਖੀ ਹੁੰਦਾ ਹੈ। ਉਹ ਦਫਤਰ ਜਾਂ ਸੰਸਥਾ, ਜਿੱਥੇ ਇਨਸਾਨ ਨੇ 30-35 ਸਾਲ ਕੰਮ ਕੀਤਾ ਹੁੰਦਾ ਹੈ, ਉਥੇ ਉਸ ਨੂੰ ਪਹਿਲਾਂ ਵਰਗਾ ਨਿੱਘ, ਪਿਆਰ ਨਹੀਂ ਮਿਲਦਾ। ਉਸ ਦਾ ਸਵਾਗਤ ਜਦੋਂ ਗਰਮਜੋਸ਼ੀ ਨਾਲ ਨਹੀਂ ਹੁੰਦਾ ਤਾਂ ਮਨ ਮਸੋਸ ਕੇ ਰਹਿ ਜਾਂਦਾ ਹੈ। ਇਸੇ ਲਈ ਉਸ ਨੂੰ ਹੁਣ ਉਸ ਥਾਂ ਦੀਆਂ ਕੰਧਾਂ ਵੀ ਓਪਰੀਆਂ ਜਾਪਦੀਆਂ ਹਨ। ਜਿਹੜੀ ਕੁਰਸੀ ਉੱਤੇ ਉਹ ਕਈ ਵਰ੍ਹੇ ਬੈਠਾ ਹੁੰਦਾ ਹੈ, ਉਹ ਕੁਰਸੀ ਉਸ ਨੂੰ ਪਰਾਈ ਲੱਗਦੀ ਹੈ। ਆਪਣੇ ਹੀ ਬੰਦੇ ਉਸ ਨੂੰ ਬੈਠਣ ਲਈ ਕੁਰਸੀ ਵੀ ਨਹੀਂ ਦਿੰਦੇ। ਉਸ ਵੇਲੇ ਉਸ ਦੇ ਮਨ ਦੇ ਭਾਵ ਉਹ ਖੁਦ ਹੀ ਜਾਣ ਸਕਦਾ ਹੈ। ਅਜਿਹੇ ਵਿਹਾਰ ਦਾ ਪ੍ਰਚਲਨ ਤੇਜ਼ੀ ਨਾਲ ਕਿਉਂ ਵਧ ਰਿਹਾ ਹੈ। ਕੀ ਇਸ ਵਿੱਚ ਸੇਵਾਮੁਕਤ ਆਦਮੀ ਦਾ ਸਾਰਾ ਕਸੂਰ ਹੈ ਜਾਂ ਮੌਜੂਦਾ ਸਟਾਫ ਦਾ? ਦਰਅਸਲ ਇਹ ਮਸਲਾ ਬਹੁਤ ਗੰਭੀਰ ਹੈ। ਇਹ ਗੰਭੀਰ ਸਵਾਲ, ਜਵਾਬ ਮੰਗਦਾ ਹੈ।

ਕਿੰਨੀ ਮੰਦਭਾਗੀ ਗੱਲ ਹੈ ਕਿ ਸੇਵਾ-ਮੁਕਤ ਵਿਅਕਤੀ ਨੂੰ ਜ਼ਿਆਦਾਤਰ ਆਪਣੇ ਹੀ ਦਫਤਰ ਵਾਲਿਆਂ ਨੇ ਕੁਰਸੀ ਤਾਂ ਕੀ ਦੇਣੀ, ਸਗੋਂ ਉਸ ਨਾਲ ਦੋ ਲਫਜ਼ ਹਮਦਰਦੀ ਦੇ ਵੀ ਨਹੀਂ ਬੋਲਦੇ, ਉਸ ਦਾ ਹਾਲਚਾਲ ਤੱਕ ਵੀ ਨਹੀਂ ਪੁੱਛਦੇ। ਇਹ ਵੀ ਸੰਭਵ ਹੈ ਕਿ ਕਿਸੇ ਪਰਵਾਰਕ ਮਸਲੇ 'ਤੇ ਉਸ ਦੀ ਪੁੱਛਗਿੱਛ ਘਟ ਗਈ ਹੋਵੇ, ਪਰ ਉਸ ਦੀ ਦਿੱਤੀ ਨੇਕ ਸਲਾਹ ਕਿਸੇ ਵਿਪਰੀਤ ਪਰਸਥਿਤੀ ਨੂੰ ਸੁਖਾਲਾ ਬਣਾ ਸਕਦੀ ਹੈ। ਜੇ ਕੰਮ ਕਰਨ ਦੌਰਾਨ ਉਹ ਸਮਾਜ ਦਾ ਇੱਕ ਮਹੱਤਵ ਪੂਰਨ ਹਿੱਸਾ ਸੀ ਤਾਂ ਹੁਣ ਵੀ ਉਹ ਇਸੇ ਸਮਾਜ ਦਾ ਅਨਿੱਖੜਵਾਂ ਅੰਗ ਹੈ।

ਕਿਸੇ ਵਿਅਕਤੀ ਨੂੰ ਸੇਵਾ ਮੁਕਤੀ ਤੋਂ ਬਾਅਦ ਮਨਫੀ ਕਰ ਦੇਣਾ ਕੋਈ ਚੰਗੀ ਗੱਲ ਨਹੀਂ। ਉਹ ਵੀ ਕਦੇ ਸਾਡੇ ਵਿੱਚੋਂ ਸੀ। ਉਸ ਦੀ ਸਲਾਹ ਹੁਣ ਵੀ ਕੰਮ ਆ ਸਕਦੀ ਹੈ। ਦਫਤਰ ਤੋਂ ਬਾਅਦ ਉਸ ਨੂੰ ਬਾਹਰ ਕਤਾਰ ਵਿੱਚ ਖੜ੍ਹਾ ਕਰਨਾ ਬਹੁਤ ਗਲਤ ਗੱਲ ਹੈ। ਇਹ ਤਾਂ ਉਸ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਉਂਝ ਸਿੱਕੇ ਦਾ ਦੂਜਾ ਪਾਸਾ ਵੀ ਹੈ ਕਿ ਸੇਵਾ ਮੁਕਤ ਵਿਅਕਤੀ ਦਾ ਵਤੀਰਾ ਕੰਮ ਦੌਰਾਨ ਸਾਥੀਆਂ ਨਾਲ ਚੰਗਾ ਨਹੀਂ ਸੀ ਤਾਂ ਉਸ ਨਾਲ ਰੁੱਖੇ ਵਤੀਰੇ ਦੀ ਸਮਝ ਆਉਂਦੀ ਹੈ, ਪਰ ਨੇਕਦਿਲ ਇਨਸਾਨ, ਇਮਾਨਦਾਰ, ਮਿਹਨਤੀ ਤੇ ਚਰਿੱਤਰਵਾਨ ਨਾਲ ਇਹ ਵਿਹਾਰ ਹੋਵੇ ਤਾਂ ਗੱਲ ਸਮਝ ਤੋਂ ਪਰ੍ਹੇ ਹੈ।

ਚੇਤੇ ਰਹੇ ਕਿ ਅਸੀ ਵੀ ਕਿਸੇ ਦਿਨ ਸੇਵਾ ਮੁਕਤ ਹੋਣਾ ਹੈ। ਫਿਰ ਸਾਡੇ ਨਾਲ ਵੀ ਕੋਈ ਭੈੜਾ ਵਰਤਾਓ ਕਰ ਸਕਦਾ ਹੈ। ਇਸ ਨਾਲ ਸਾਡੇ ਮਨ 'ਤੇ ਕੀ ਬੀਤੇਗੀ? ਅਸੀਂ ਆਪਣੇ ਵਰਤੋਂ ਵਿਹਾਰ ਅਤੇ ਸ਼ੈਲੀ ਵਿੱਚ ਸੁਧਾਰ ਲਿਆਈਏ। ਅਸੀਂ ਜਿਹੜੇ ਵਿਹਾਰ ਦੀ ਦੂਜਿਆਂ ਤੋਂ ਆਪਣੇ ਲਈ ਆਸ ਰੱਖਦੇ ਹਾਂ, ਉਹੀ ਵਿਹਾਰ ਅਸੀਂ ਦੂਜਿਆਂ ਪ੍ਰਤੀ ਵੀ ਅਪਣਾਈਏ। ਜੇ ਸਾਡੇ ਕੰਮ ਤੋਂ ਸਾਰੇ ਦਿਨ ਵਿੱਚ ਇੱਕ ਇਨਸਾਨ ਵੀ ਖੁਸ਼ ਹੋ ਕੇ ਚਲਾ ਗਿਆ ਤਾਂ ਸਮਝੋ ਸਾਡਾ ਕੀਤਾ ਕੰਮ ਸਾਰਥਕ ਹੋ ਗਿਆ। ਅਸੀਂ ਸਾਰਿਆਂ ਨੂੰ ਖੁਸ਼ ਤੇ ਸੰਤੁਸ਼ਟ ਨਹੀਂ ਕਰ ਸਕਦੇ, ਪਰ ਕੋਸ਼ਿਸ਼ ਤਾਂ ਕਰੀਏ।

ਮਾਣ-ਸਨਮਾਨ ਮਿਲਣ ਨਾਲ ਹਰ ਵਿਅਕਤੀ ਦੀ ਰੂਹ ਖੁਸ਼ ਹੋ ਜਾਂਦੀ ਹੈ। ਸੇਵਾ ਮੁਕਤ ਹੋਇਆ ਵਿਅਕਤੀ ਆਪਣੇ ਆਪ ਨੂੰ ਇਕੱਲਾ ਨਾ ਸਮਝੇ। ਉਹ ਸਮਾਜਕ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵਾ ਕਰ ਸਕਦਾ ਹੈ। ਇਉਂ ਉਸ ਨੂੰ ਮੁੜ ਉਹੀ ਰੁਤਬਾ ਹਾਸਲ ਹੋ ਸਕਦਾ ਹੈ, ਜਿਸ ਦੀ ਇੱਛਾ ਰੱਖਦਾ ਹੈ। ਉਸ ਨੂੰ ਨੌਕਰੀ ਵੇਲੇ ਦੀਆਂ ਮਿਲੀਆਂ ਸੁੱਖ-ਸਹੂਲਤਾਂ ਬਾਰੇ ਜ਼ਿਆਦਾ ਸੋਚਣ ਦੀ ਲੋੜ ਨਹੀਂ, ਕਿਉਂ ਇਹ ਹੀ ਸਭ ਕੁਝ ਨਹੀਂ। ਸਮਾਜ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਜ਼ਿੰਦਗੀ ਦੀ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।


# ਚਮੜੀ ਲਈ ਦੁੱਧ ਦੀ ਵਰਤੋਂ ਫਾਇਦੇਮੰਦ

ਖੁਸ਼ਕ ਤੇ ਰੁੱਖੀ ਚਮੜੀ ਲਈ ਦੁੱਧ ਦਾ ਇਸ਼ਨਾਨ ਬਹੁਤ ਲਾਭਕਾਰੀ ਹੈ। ਇਸ ਲਈ ਜ਼ਿਆਦਾ ਦੁੱਧ ਦੀ ਲੋੜ ਨਹੀਂ ਹੁੰਦੀ, ਸਗੋਂ ਥੋੜ੍ਹੇ ਜਿਹੇ ਦੁੱਧ ਨਾਲ ਹੀ ਚਮੜੀ ਦੋਧੀ ਤੇ ਕੋਮਲ ਹੋ ਜਾਂਦੀ ਹੈ। ਅੱਧੀ ਕਟੋਰੀ ਕੱਚੇ ਤੇ ਕੋਸੇ ਦੁੱਧ ਵਿੱਚ ਇੱਕ ਸਾਫ ਸੁਥਰੀ ਰੂੰ ਦਾ ਟੁਕੜਾ ਭਿਉਂ ਕੇ ਚਿਹਰੇ, ਗਰਦਨ, ਹੱਥਾਂ ਆਦਿ ਸਰੀਰ ਦੇ ਹੋਰ ਅੰਗਾਂ 'ਤੇ 5-10 ਮਿੰਟ ਤੱਕ ਨਰਮੀ ਨਾਲ ਫੇਰੋ। ਇਸ ਨਾਲ ਮੈਲ ਉਤਰ ਕੇ ਰੂੰ ਨਾਲ ਲੱਗ ਜਵੇਗੀ। 20 ਮਿੰਟ ਬਾਅਦ ਠੰਢੇ ਜਾਂ ਕੋਸੇ ਪਾਣੀ ਨਾਲ ਧੋ ਲਓ। ਇਹੀ ਦੁੱਧ ਦਾ ਇਸ਼ਨਾਨ ਹੈ। ਇਸ ਨਾਲ ਚਮੜੀ ਗੋਰੀ ਬਣਦੀ ਹੈ। ਇਸ ਇਸਤੇਮਾਲ ਨੂੰ ਹਰ ਰੋਜ਼ ਕਰਨ ਨਾਲ ਮੁਹਾਸੇ, ਚਿਹਰੇ ਦੀਆਂ ਝੁਰੜੀਆਂ, ਦਾਗ, ਧੱਬੇ, ਛਾਈਆਂ ਅਤੇ ਖੁਰਦਰਾਪਣ ਆਦਿ ਨਸ਼ਟ ਹੋ ਕੇ ਮੁੱਖ ਮੰਡਲ ਦੀ ਸ਼ੋਭਾ ਦੇ ਚਮਕ ਵਿੱਚ ਵਾਧਾ ਹੁੰਦਾਨ ਹੈ ਅਤੇ ਚਮੜੀ ਦਾ ਰੰਗ ਨਿਖਰਦਾ ਹੈ। ਕੱਚੇ ਦੁੱਧ ਜਾਂ ਦੁੱਧ ਦੀ ਝੱਗ ਨੂੰ ਸਾਫ ਸੁਥਰੀ ਰੂੰ ਵਿੱਚ ਲਾ ਕੇ ਚਿਹਰੇ ਉਤੇ ਮਲਣ ਅਤੇ 20 ਮਿੰਟ ਬਾਅਦ ਨਿੰਬੂ ਮਸਲਣ ਨਾਲ ਚਿਹਰਾ ਚੀਕਣਾ ਹੋ ਜਾਂਦਾ ਹੈ। ਸਰਦ ਰੁੱਤ ਵਿੱਚ ਚਮੜੀ ਦੀ ਖੁਸ਼ਕੀ ਮਿਟਾਉਣ ਲਈ ਕੋਸਾ ਦੁੱਧ ਲੈ ਕੇ ਉਸ ਨੂੰ ਉਨ ਜਾਂ ਰੂੰ ਦੀ ਸਹਾਇਤਾ ਨਾਲ ਚਿਹਰੇ ਅਤੇ ਹੱਥਾਂ ਉਤੇ ਹੌਲੀ ਹੌਲੀ ਮਲ ਕੇ ਕੁਝ ਦੇਰ ਬਾਅਦ ਹਲਕੇ ਗਰਮ ਪਾਣੀ ਨਾਲ ਧੋ ਲੈਣ ਨਾਲ ਵੀ ਚਮੜੀ ਸਾਫ ਤੇ ਕੋਮਲ ਬਣਦੀ ਹੈ।



ਇੱਕ ਚਮਚ ਦੁੱਧ ਦੀ ਠੰਢੀ ਮਲਾਈ ਅਤੇ ਇੱਕ ਚੁਟਕੀ ਹਲਦੀ ਦਾ ਬਰੀਕ ਚੂਰਨ ਮਿਲਾ ਕੇ ਚਿਹਰੇ 'ਤੇ ਹਰ ਰੋਜ਼ ਮਲਦੇ ਰਹਿਣ ਨਾਲ ਚਿਹਰਾ ਚਮਕਦਾਰ ਬਣਦਾ ਹੈ ਅਤੇ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ।

## ਗੁਰਦੁਆਰਾ ਨਾਨਕਵਾੜਾ, ਕੰਧਕੋਟ, ਜ਼ਿਲਾ ਜੈਕਬੀਆਬਾਦ (ਸਿੰਧ)




ਇਹ ਪਾਵਨ ਅਸਥਾਨ ਜ਼ਲਿਾ ਜੈਕਬੀਆਬਾਦ ਦੀ ਤਹਿਸੀਲ ਕੰਧਕੋਟ, ਸੁਨਿਆਰ ਬਾਜ਼ਾਰ ਅੰਦਰ ਸਥਿੱਤ ਹੈ । ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਦਾ ਹੈ । ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਯਾਦ ਕੀਤਾ ਜਾਦਾ ਹੈ । ਪੁਜਾਰੀ ਧੰਨਾ ਸਿੰਘ ਜੀ ਹਨ । ਦਰਬਾਰ ਦੇ ਨਾਲ ਕਾਲੀ ਮਾਤਾ ਦਾ ਮੰਦਰ, ਸ੍ਰੀ ਰਾਮ ਜੀ ਦਾ ਮੰਦਰ ਤੇ ਹਨੂਮਾਨ ਦਾ ਮੰਦਰ ਵੀ ਹੈ । ਇਹਨਾਂ ਸਾਰੀਆਂ ਥਾਵਾਂ ਉੱਤੇ ਪੂਜਾ ਹੁੰਦੀ ਹੈ । ਮੂਰਤੀਆ ਦੇ ਨਾਲ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਵੀ ਹੁੰਦਾ ਹੈ। ਦੀਵਾਲੀ, ਵਿਸਾਖੀ, ਜਨਮ ਅਸ਼ਟਮੀ ਅਤੇ ਗੁਰਪੁਰਬ ਸਤਿਗੁਰ ਨਾਨਕ ਦੇਵ ਜੀ ਉੱਤੇ ਭਾਰੀ ਦੀਵਾਨ ਸਜਦੇ ਹਨ। ਇੱਥੇ ਸੰਗਤ ਦੀ ਗਿਣਤੀ ਹਜ਼ਾਰਾ ਵਿੱਚ ਹੈ । ਦਰਬਾਰ ਦੋ ਮੰਜ਼ਲਾ ਸੁੰਦਰ ਬਣਿਆ ਹੋਇਆ ਹੈ।

# ਬਜਟ ਵਿੱਚ ਇੱਕ ਦੋ ਆਨਾ ਝੂਠ ਮਿਲਾ ਦੇਣ ਦੀ ਪੁਰਾਣੀ ਪਰੰਪਰਾ

-ਯੋਗੇਂਦਰ ਯਾਦਵ

ਤੁਸੀਂ 16 ਆਨੇ ਸੱਚ ਬਾਰੇ ਸੁਣਿਆ ਹੋਵੇਗਾ, ਪਰ ਜੇ 16 ਆਨੇ ਝੂਠ ਦਾ ਨਮੂਨਾ ਦੇਖਣਾ ਹੈ ਤਾਂ ਇਸ ਸਾਲ ਭਾਰਤ ਦੇ ਬਜਟ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਖੇਤੀ ਤੇ ਕਿਸਾਨ ਬਾਰੇ ਕੀਤੇ ਗਏ 16 ਐਲਾਨਾਂ ਨੂੰ ਦੇਖ ਸਕਦੇ ਹੋ। ਬਜਟ ਭਾਸ਼ਣ ਦੇ ਸ਼ੁਰੂ ਵਿੱਚ ਹੀ ਇੱਕ ਦੋ ਨਹੀਂ, 16 ਐਲਾਨ ਸੁਣ ਕੇ ਸਾਰਿਆਂ ਨੂੰ ਜਾਪਿਆ ਕਿ ਹੋਵੇ ਨਾ ਹੋਵੇ ਵਿੱਤ ਮੰਤਰੀ ਨੇ ਆਪਣਾ ਖਜ਼ਾਨਾ ਖੇਤੀ ਤੇ ਕਿਸਾਨ ਲਈ ਖੋਲ੍ਹ ਦਿੱਤਾ ਹੈ, ਪਰ ਸੱਚ ਇਹ ਹੈ ਕਿ ਇਹ ਬਜਟ ਪਿੰਡ, ਖੇਤੀ ਅਤੇ ਕਿਸਾਨ ਲਈ ਪਿਛਲੇ ਦੋ ਸਾਲਾਂ ਵਿੱਚ ਸਭ ਤੋਂ ਵੱਡਾ ਧੱਕਾ ਸਾਬਤ ਹੋਇਆ ਹੈ।

ਬਜਟ ਭਾਸ਼ਣ ਵਿੱਚ ਇੱਕ ਦੋ ਆਨਾ ਝੂਠ ਮਿਲਾ ਦੇਣ ਦੀ ਪ੍ਰੰਪਰਾ ਪੁਰਾਣੀ ਹੈ। ਜਦੋਂ ਪ੍ਰਣਬ ਮੁਖਰਜੀ ਅਤੇ ਪੀ ਚਿਦੰਬਰਮ ਵਿੱਤ ਮੰਤਰੀ ਸਨ, ਉਦੋਂ ਵੀ ਉਨ੍ਹਾਂ ਨੇ ਬਜਟ ਵਾਲਾ ਘਾਟੇ ਨੂੰ ਛੁਪਾਉਣ ਦਾ ਕੰਮ ਕੀਤਾ ਸੀ। ਅਰੁਣ ਜੇਤਲੀ ਦੇ ਜ਼ਮਾਨੇ 'ਚ ਬਜਟ 'ਚ ਕਿਸਾਨਾਂ ਨੂੰ ਛੋਟ ਦੀ ਮਦ ਇੱਕ ਖਾਤੇ ਤੋਂ ਦੂਸਰੇ ਖਾਤੇ ਵਿੱਚ ਪਾ ਕੇ ਖੇਤੀ ਦਾ ਬਜਟ ਵਧਾਉਣ ਦਾ ਝੂਠਾ ਵਾਅਦਾ ਹੋਇਆ ਸੀ, ਪਰ ਇਸ ਵਾਰ ਵਿੱਤ ਮੰਤਰੀ ਨੇ ਜੋ ਕੀਤਾ, ਉਹ ਬੇਮਿਸਾਲ ਸੀ। ਭਾਸ਼ਣ ਵਿੱਚ ਗੱਲ ਕੀਤੀ ਖੇਤੀ ਕਿਸਾਨੀ ਨੂੰ ਉਤਸ਼ਾਹਤ ਕਰਨ ਦੀ, ਪਰ ਅਸਲ ਵਿੱਚ ਕਿਸਾਨ ਨੂੰ ਮਿਲਣ ਵਾਲੇ ਪੈਸੇ ਵਿੱਚ ਕਟੌਤੀ ਕਰ ਦਿੱਤੀ। ਕਿਸਾਨ ਦੇ ਕੰਨਾਂ ਵਿੱਚ ਸੁੰਦਰ ਡਾਇਲਾਗ ਦਿੱਤੇ, ਪਰ ਉਸ ਦੀ ਜੇਬ ਵਿੱਚੋਂ ਪੈਸਾ ਕੱਢ ਲਿਆ।

ਵਿੱਤ ਮੰਤਰੀ ਦੇ 16 ਐਲਾਨਾਂ 'ਤੇ ਇੱਕ ਝਾਤੀ ਮਾਰਨ 'ਤੇ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ 'ਚੋਂ ਕੁਝ ਐਲਾਨਾਂ ਦਾ ਕੇਂਦਰ ਸਰਕਾਰ ਦੇ ਬਜਟ ਨਾਲ ਕੋਈ ਲੈਣਾ-ਦੇਣਾ ਹੀ ਨਹੀਂ। ਭਾਵ ਰਾਜਾਂ ਵਿੱਚ ਖੇਤੀ ਤੇ ਭੂਮੀ ਬਾਰੇ ਕਾਨੂੰਨਾਂ 'ਚ ਸੁਧਾਰ ਦਾ ਐਲਾਨ ਸਿਰਫ ਸੂਬਾ ਸਰਕਾਰਾਂ ਨੂੰ ਸੁਝਾਅ ਹੈ। ਇਸੇ ਤਰ੍ਹਾਂ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਕਰਜ਼ੇ ਦੇ ਟੀਚੇ ਵਿੱਚ ਵਾਧਾ ਅਸਲ ਵਿੱਚ ਬੈਂਕਾਂ ਦਾ ਕੰਮ ਹੈ। ਇਸ ਦਾ ਸਿਹਰਾ ਸਰਕਾਰ ਨੂੰ ਨਹੀਂ ਮਿਲ ਸਕਦਾ। ਪਿੰਡ ਵਿੱਚ ਖੇਤੀ ਉਤਪਾਦਨ ਦੀ ਰਖਵਾਲੀ ਦਾ ਕੰਮ ਸੈਲਫ ਹੈਲਪ ਗਰੁੱਪ ਨੂੰ ਦੇ ਦਿੱਤਾ ਗਿਆ ਹੈ। ਕੁਝ ਐਲਾਨ ਕਰ ਦਿੱਤੇ ਗਏ, ਪਰ ਵਿੱਤ ਮੰਤਰੀ ਬਜਟ ਵਿੱਚ ਇੱਕ ਪੈਸਾ ਭੇਜਣਾ ਭੁੱਲ ਗਈ। ਬੜੇ ਗਾਜੇ ਵਾਜੇ ਨਾਲ ਐਲਾਨੀ ਕਿਸਾਨ ਉਡਾਣ ਯੋਜਨਾ ਅਤੇ ਖੇਤੀ ਉਤਪਾਦ ਦੇ ਵੇਅਰਹਾਊਸ ਨੂੰ ਸਹਿਯੋਗ ਦੇਣ ਦੀ ਯੋਜਨਾ ਲਈ ਬਜਟ ਵਿੱਚ ਕੋਈ ਮੱਦ ਨਹੀਂ ਰੱਖੀ ਗਈ। ਬਾਗਬਾਨੀ ਤੇ ਮੱਛੀ ਪਾਲਣ ਉਤਪਾਦਨ ਦੀ ਚਰਚਾ ਇੰਝ ਹੋਈ, ਜਿਵੇਂ ਸਰਕਾਰ ਇਸ ਦਿਸ਼ਾ ਵਿੱਚ ਸ਼ਾਨਦਾਰ ਕਦਮ ਚੁੱਕ ਰਹੀ ਹੈ, ਪਰ ਸੱਚ ਇਹ ਹੈ ਕਿ ਬਾਗਬਾਨੀ 'ਚ ਬਜਟ ਨੂੰ 2225 ਕਰੋੜ ਤੋਂ ਵਧਾ ਕੇ ਸਿਰਫ 2300 ਕਰੋੜ ਰੁਪਏ ਕੀਤਾ ਗਿਆ ਤੇ ਮੱਛੀ ਪਾਲਣ ਦੀ ਨੀਲੀ ਕ੍ਰਾਂਤੀ ਵਿੱਚ ਬਜਟ ਪਿਛਲੇ ਸਾਲ ਦੇ 560 ਕਰੋੜ ਰੁਪਏ ਤੋਂ ਮਾਮੂਲੀ ਜਿਹਾ ਵਧਾ ਕੇ 570 ਕਰੋੜ ਰੁਪਏ ਕੀਤਾ ਹੈ। ਜ਼ਾਹਰ ਹੈ ਕਿ ਆਪਣੇ ਬਜਟ ਭਾਸ਼ਣ ਵਿੱਚ ਹਰ ਐਲਾਨ ਦੇ ਪਿੱਛੇ ਕਿੰਨੀ ਰਕਮ ਅਲਾਟ ਕੀਤੀ ਗਈ, ਇਸ ਦੇ ਬਾਰੇ ਚੁੱਪ ਧਾਰਨ ਦੇ ਪਿੱਛੇ ਇੱਕ ਡੂੰਘਾ ਰਾਜ਼ ਸੀ।

ਗੱਲ ਇਥੋਂ ਤੱਕ ਰਹਿੰਦੀ ਤਾਂ ਚੰਗੀ ਸੀ, ਪਰ ਹਕੀਕਤ ਇਸ ਤੋਂ ਵੀ ਕੌੜੀ ਹੈ। ਸੱਚ ਇਹ ਹੈ ਕਿ ਸਰਕਾਰ ਨੇ ਕਿਸਾਨ ਨੂੰ ਕੁਝ ਦੇਣ ਦੀ ਥਾਂ ਉਸ ਦਾ ਕੁਝ ਖੋਹ ਲਿਆ ਹੈ। ਇਹ ਬਜਟ ਪਿੰਡ ਖੇਤੀ ਤੇ ਕਿਸਾਨ 'ਤੇ ਤਿੰਨ ਤਰਫਾ ਹਮਲਾ ਹੈ। ਸਭ ਤੋਂ ਪਹਿਲਾਂ ਹਮਲਾ ਕਿਸਾਨ ਦੀ ਫਸਲ ਦੀ ਖਰੀਦ 'ਤੇ ਹੈ। ਭਾਰਤੀ ਖੁਰਾਕ ਨਿਗਮ ਨੂੰ ਫਸਲ ਦੀ ਖਰੀਦ ਲਈ ਜੋ ਫੰਡ ਦਿੱਤੇ ਜਾਂਦੇ ਹਨ, ਉਹ ਰਕਮ ਪਿਛਲੇ ਸਾਲ 1,51,000 ਕਰੋੜ ਰੁਪਏ ਸੀ, ਇਸ ਬਜਟ ਵਿੱਚ 76 ਹਜ਼ਾਰ ਕਰੋੜ ਰੁਪਏ ਦੀ ਭਾਰੀ ਕਟੌਤੀ ਹੋਈ ਹੈ। ਪੂਰੇ ਬਜਟ ਦੀ ਇਸ ਸਭ ਤੋਂ ਵੱਡੀ ਕਟੌਤੀ 'ਤੇ ਵਿੱਤ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਇੱਕ ਸ਼ਬਦ ਵੀ ਨਹੀਂ ਬੋਲਿਆ। ਜ਼ਾਹਿਰ ਹੈ ਕਿ ਅਚਾਨਕ ਅਜਿਹੀ ਕਟੌਤੀ ਨਾਲ ਸਰਕਾਰੀ ਖਰੀਦ 'ਤੇ ਅਸਰ ਪਵੇਗਾ। ਕਿਸਾਨਾਂ ਨੂੰ ਆੜ੍ਹਤੀ ਦੀ ਦਇਆ ਉਤੇ ਛੱਡ ਦਿੱਤਾ ਜਾਵੇਗਾ। ਕਿਸਾਨਾਂ ਦੀ ਫਸਲ ਦੀ ਖਰੀਦ ਵਿੱਚ ਮਦਦ ਕਰਨ ਵਾਲੀਆਂ ਬਾਕੀ ਦੋਵਾਂ ਯੋਜਨਾਵਾਂ ਵਿੱਚ ਵੀ ਕਟੌਤੀ ਕੀਤੀ ਗਈ ਹੈ। ਪ੍ਰਧਾਨ ਮੰਤਰੀ ਆਸ਼ਾ ਯੋਜਨਾ ਫਸਲ ਦੀ ਸਰਕਾਰੀ ਖਰੀਦ ਨੂੰ ਮਜ਼ਬੂਤ ਕਰਨ ਲਈ ਬਣੀ ਸੀ। ਉਸ 'ਚੋਂ ਪਿਛਲੇ ਸਾਲ ਦੇ 1500 ਕਰੋੜ ਰੁਪਏ ਨੂੰ ਘਟਾ ਕੇ 500 ਕਰੋੜ ਕੀਤਾ ਗਿਆ ਹੈ। ਕਿਸੇ ਫਸਲ ਦੇ ਭਾਅ ਡਿੱਗਣ 'ਤੇ ਬਾਜ਼ਾਰ ਵਿੱਚ ਦਖਲ ਦੇ ਕੇ ਕਿਸਾਨ ਦੀ ਮਦਦ ਕਰਨ ਵਾਲੀ ਯੋਜਨਾ ਅਤੇ ਮੁੱਲ ਸਮਰਥਨ ਯੋਜਨਾ ਦਾ ਬਜਟ ਵੀ ਤਿੰਨ ਹਜ਼ਾਰ ਕਰੋੜ ਤੋਂ ਘਟਾ ਕੇ ਦੋ ਹਜ਼ਾਰ ਕਰੋੜ ਕਰ ਦਿੱਤਾ ਗਿਆ ਹੈ। ਜ਼ਾਹਿਰ ਹੈ ਕਿ ਇਸ ਦੀ ਮਾਰ ਕਿਸਾਨ ਨੂੰ ਹੀ ਪਵੇਗੀ।

ਕਿਸਾਨਾਂ 'ਤੇ ਦੂਸਰਾ ਹਮਲਾ ਖਾਦ ਦੀ ਸਬਸਿਡੀ ਵਿੱਚ ਕਟੌਤੀ ਨਾਲ ਹੋਇਆ ਹੈ। ਭਾਸ਼ਣ ਵਿੱਚ ਵਿੱਤ ਮੰਤਰੀ ਨੇ ਰਸਾਇਣਕ ਖਾਦ 'ਚ ਅਸੰਤੁਲਨ ਖਤਮ ਕਰਨ ਅਤੇ ਉਸ ਦੀ ਥਾਂ ਜੈਵਿਕ ਖਾਦ ਨੂੰ ਉਤਸ਼ਾਹਤ ਕਰਨ ਦੀ ਗੱਲ ਕਹੀ, ਪਰ ਵਿਹਾਰ 'ਚ ਇਸ ਦਾ ਅਰਥ ਇਹ ਨਿਕਲਿਆ ਕਿ ਯੂਰੀਆ ਦੀ ਸਬਸਿਡੀ ਨੌਂ ਹਜ਼ਾਰ ਕਰੋੜ ਰੁਪਏ ਕੱਟ ਦਿੱਤੀ ਗਈ। ਪਹਿਲਾਂ ਇਸ ਦੇ ਲਈ ਸਰਕਾਰ ਖਾਦ 'ਤੇ 79,996 ਕਰੋੜ ਰੁਪਏ ਦੀ ਗ੍ਰਾਂਟ ਦਿੰਦੀ ਸੀ, ਪਰ ਇਸ ਵਾਰ ਇਹ ਘਟਾ ਕੇ 70,139 ਕਰੋੜ ਕਰ ਦਿੱਤੀ ਹੈ। ਇਹ ਵੀ ਉਸ ਸਮੇਂ 'ਚ ਹੋਇਆ ਹੈ ਜਦੋਂ ਕੌਮਾਂਤਰੀ ਬਾਜ਼ਾਰ ਵਿੱਚ ਖਾਦ ਦਾ ਭਾਅ ਚੜ੍ਹ ਚੁੱਕਾ ਹੈ। ਕਿਸਾਨ ਲਈ ਕੰਗਾਲੀ ਵਿੱਚ 'ਆਟਾ ਗਿੱਲਾ' ਵਾਲੀ ਸਥਿਤੀ ਹੋ ਜਾਵੇਗੀ। ਤੀਸਰਾ ਹਮਲਾ ਖੇਤੀ ਮਜ਼ਦੂਰ ਲਈ ਰੋਟੀ ਰੋਜ਼ੀ ਦੇ ਪਹਿਲੇ ਸਰੋਤ ਮਨਰੇਗਾ ਲਈ ਅਲਾਟ ਧਨ 'ਚ ਕਟੌਤੀ ਹੈ। ਇਸ ਵਿੱਤੀ ਸਾਲ ਵਿੱਚ ਸਰਕਾਰ ਨੇ ਮਨਰੇਗਾ ਲਈ ਅੰਦਾਜ਼ਨ ਖਰਚ 71 ਹਜ਼ਾਰ ਕਰੋੜ ਰੁਪਏ ਦੱਸਿਆ ਹੈ। ਇਸ ਸਾਲ ਵਧੇਰੇ ਧਨ ਦੀ ਲੋੜ ਸੀ, ਪਰ ਵਿੱਤ ਮੰਤਰੀ ਨੇ ਮਨਰੇਗਾ ਲਈ ਸਿਰਫ 61,500 ਕਰੋੜ ਰੁਪਏ ਅਲਾਟ ਕੀਤੇ ਹਨ। ਇਸ ਨਾਲ ਕੰਮ ਦੀ ਮੰਗ ਦਬਾਈ ਜਾਵੇਗੀ ਤੇ ਪੇਂਡੂ ਲੋਕਾਂ, ਖਾਸ ਕਰ ਕੇ ਖੇਤ ਮਜ਼ਦੂਰ ਦਾ ਮਹੱਤਵ ਪੂਰਨ ਰੋਜ਼ੀ-ਰੋਟੀ ਦਾ ਸਰੋਤ ਪ੍ਰਭਾਵਤ ਹੋਵੇਗਾ। ਮਜਬੂਰੀ 'ਚ ਕਿਸਾਨ ਨੂੰ ਦੁੱਧ ਦੀ ਵਿਕਰੀ ਦਾ ਸਹਾਰਾ ਹੈ। ਇਸ ਵਿੱਚ ਵੀ ਵਿੱਤ ਮੰਤਰੀ ਨੇ ਦਾਅਵੇ ਤਾਂ ਬਹੁਤ ਵੱਡੇ ਕੀਤੇ, ਪਰ ਅਸਲ ਵਿੱਚ ਚਿੱਟੀ ਕ੍ਰਾਂਤੀ ਦਾ ਬਜਟ 2240 ਕਰੋੜ ਰੁਪਏ ਤੋਂ ਘਟਾ ਕੇ 1863 ਕਰੋੜ ਰੁਪਏ ਕਰ ਦਿੱਤਾ ਹੈ।

ਇਹ ਸਭ ਉਸ ਸਾਲ ਵਿੱਚ ਹੋਇਆ ਹੈ, ਜਦੋਂ ਸਾਰੇ ਅਰਥ ਸ਼ਾਸਤਰੀ ਇਸ ਗੱਲ ਨਾਲ ਸਹਿਮਤ ਸਨ ਕਿ ਸਰਕਾਰ ਨੂੰ ਸਭ ਤੋਂ ਸਮਝਦਾਰੀ ਦਾ ਕੰਮ ਦਿਹਾਤੀ ਲੋਕਾਂ ਦੇ ਹੱਥਾਂ ਵਿੱਚ ਪੈਸਾ ਦੇਣਾ ਹੋਵੇਗਾ ਕਿਉਂਕਿ ਅਰਥ ਵਿਵਸਥਾ ਉੱਤੇ ਇਸ ਦਾ ਤਿੰਨ ਗੁਣਾ ਅਸਰ ਪੈਂਦਾ ਹੈ। ਫਿਰ ਵੀ ਸਰਕਾਰ ਵੱਲੋਂ ਦਿਹਾਤੀ ਭਾਰਤ ਤੋਂ ਪੈਸੇ ਲੈਣ ਲਈ ਚੁਣਿਆ ਗਿਆ। ਸਰਕਾਰ ਦਾ ਇਹ ਵਤੀਰਾ ਪੇਂਡੂ ਭਾਰਤ ਵਿੱਚ ਆਮਦਨ ਅਤੇ ਰੋਜ਼ਗਾਰ ਦੀ ਸਮੱਸਿਆ ਨੂੰ ਹੋਰ ਵਧਾਏਗਾ।

# ਸਾਈਕਲ ਕਾ ਪਹੀਆ ਚਲਨੇ ਦੋ..

-ਕੁਲਮਿੰਦਰ ਕੌਰ

ਸਾਈਕਲ ਨਾਲ ਲਗਾਓ ਅਤੇ ਇਸ ਦੀ ਵੁਕਅਤ ਅਸੀਂ ਪੁਰਾਣੇ ਵੇਲਿਆਂ ਵਾਲੇ ਲੋਕ ਹੀ ਸਮਝ ਸਕਦੇ ਹਾਂ! ਅਸੀਂ ਇਸ ਦੇ ਸ਼ੁਰੂ ਦੇ ਦਿਨ ਦੇਖੇ ਅਤੇ ਮਾਣੇ ਹਨ। ਅੱਜ ਲੱਖਾਂ ਦੀਆਂ ਕਾਰਾਂ ਦੇ ਮੁਕਾਬਲੇ ਇਸ ਬੇਸ਼ਕੀਮਤੀ ਵਾਹਨ ਨੂੰ ਕੁਝ ਸੌ ਰੁਪਏ ਵਿੱਚ ਖਰੀਦਦੇ ਸਾਂ। ਉਂਜ ਹਰ ਕਿਸੇ ਦੀ ਪਹੁੰਚ ਵਿੱਚ ਇਹ ਵੀ ਨਹੀਂ ਸੀ। ਕੋਈ ਪੰਜ ਦਹਾਕੇ ਪਹਿਲਾਂ ਦੀਆਂ ਗੱਲਾਂ ਹਨ, ਜਦੋਂ ਸਾਡੀ ਸੁਰਤ ਸੰਭਾਲ ਵੇਲੇ ਪਿਤਾ ਜੀ ਰੋਜ਼ ਸਾਈਕਲ ਉਤੇ ਸ਼ਹਿਰ ਆਪਣੀ ਦੁਕਾਨ 'ਤੇ ਜਾਂਦੇ। ਸਮੇਂ ਦੇ ਗੇੜ ਨਾਲ ਸਾਈਕਲਾਂ ਦੀ ਗਿਣਤੀ ਵਧੀ ਗਈ। ਸਾਡੇ ਘਰ ਵੀ ਇੱਕ ਹੋਰ ਸਾਈਕਲ ਆ ਗਿਆ, ਜਿਸ ਉਤੇ ਦੋਵੇਂ ਭਰਾ ਸਕੂਲ ਜਾਂਦੇ ਅਤੇ ਮੈਨੂੰ ਪਿਤਾ ਜੀ ਮਗਰਲੀ ਕਾਠੀ 'ਤੇ ਬਿਠਾ ਲੈਂਦੇ। ਕਾਰ ਤੋਂ ਵਧ ਕੇ ਇਨ੍ਹਾਂ ਦੀ ਸੰਭਾਲ ਕੀਤੀ ਜਾਂਦੀ। ਆਪਣੇ ਭਰਾਵਾਂ ਵਾਂਗ ਸਾਈਕਲ ਚਲਾਉਣ ਦੀ ਰੀਝ ਮੇਰੇ ਮਨ ਅੰਦਰ ਵੀ ਜਾਗ ਪੈਂਦੀ। ਵੱਡੀ ਹੋ ਕੇ ਮੈਂ ਕੈਂਚੀ ਮਾਰ ਕੇ ਸਾਈਕਲ ਚਲਾਉਣਾ ਸਿੱਖ ਗਈ, ਪਰ ਉਪਰ ਕਾਠੀ 'ਤੇ ਚੜ੍ਹਨ ਵਿੱਚ ਮੂਹਰਲਾ ਡੰਡਾ ਅੜਿੱਕਾ ਬਣ ਜਾਂਦਾ। ਫਿਰ ਕੁਝ ਸਾਲਾਂ ਬਾਅਦ ਲੇਡੀ ਸਾਈਕਲ ਚੱਲ ਪਏ, ਜਿਸ ਵਿੱਚ ਇਹ ਡੰਡਾ ਗਾਇਬ ਸੀ।

ਜਦੋਂ ਮੈਂ ਚੰਡੀਗੜ੍ਹ ਯੂਨੀਵਰਸਿਟੀ ਦੇ ਹੋਸਟਲ ਵਿੱਚ ਰਹਿੰਦੀ ਹੋਈ ਐਮ ਐਸ ਸੀ ਕਰ ਰਹੀ ਸੀ ਤਾਂ ਮੇਰੀ ਇੱਕ ਜਮਾਤਣ ਘਰ ਤੋਂ ਵਿਭਾਗ ਤੱਕ ਰੋਜ਼ ਲੇਡੀ ਸਾਈਕਲ 'ਤੇ ਆਉਂਦੀ। ਮੇਰੇ ਮਨ ਵਿੱਚ ਵੀ ਪ੍ਰਬਲ ਇੱਛਾ ਜਾਗੀ ਕਿ ਹੋਸਟਲ ਵਿੱਚ ਆਪਣਾ ਸਾਈਕਲ ਰੱਖਾਂ, ਪਰ ਘਰ ਦਿਆਂ ਅੱਗੇ ਇਹ ਮੰਗ ਰੱਖਣੀ ਖਾਲਾ ਜੀ ਦਾ ਵਾੜਾ ਨਹੀਂ ਸੀ। ਐਮ ਐਸ ਸੀ ਦੇ ਦੂਜੇ ਸਾਲ ਦੌਰਾਨ ਪਤਾ ਲੱਗਾ ਕਿ ਨੰਬਰਾਂ ਦੇ ਆਧਾਰ 'ਤੇ 500 ਰੁਪਏ ਤੱਕ ਸਕਾਲਰਸ਼ਿਪ ਮਿਲ ਸਕਦਾ ਹੈ। ਇਸ ਤੋਂ ਅੱਗੇ ਮੇਰੀ ਮਦਦ ਚੰਡੀਗੜ੍ਹ ਰਹਿੰਦੇ ਵੱਡਾ ਭਰਾ ਨੇ ਕੀਤੀ। ਉਹ ਪਿੰਡ ਗਿਆ ਅਤੇ ਹੋਸਟਲ ਦੇ ਖਰਚੇ ਨਾਲ 400 ਰੁਪਏ ਵੱਧ ਲੈ ਆਇਆ। ਪਿਤਾ ਜੀ ਨੂੰ ਸ਼ਾਇਦ ਮੈਨੂੰ ਸਕਾਲਰਸ਼ਿਪ ਮਿਲਣਾ ਭਾਅ ਗਿਆ ਸੀ, ਉਂਜ ਜੇ ਉਹ ਹੋਸਟਲ ਤੋਂ ਵਿਭਾਗ ਦੀ ਦੂਰੀ ਦੇਖਦੇ ਤਾਂ ਇਹ ਮੇਰੀ ਅੱਯਾਸ਼ੀ ਸਮਝ ਕੇ ਝਿੜਕ-ਝੰਬ ਜ਼ਰੂਰ ਕਰਦੇ।

ਪੂਰੇ 900 ਰੁਪਏ ਵਿੱਚ ਸਾਈਕਲ ਖਰੀਦ ਕੇ ਦੇ ਗਿਆ ਅਤੇ ਇਸ ਕੀਮਤੀ ਚੀਜ਼ ਨੂੰ ਰਾਤ ਦੇ ਸਮੇਂ ਸਟੈਂਡ ਨਾਲ ਸੰਗਲੀ ਬੰਨ੍ਹ ਕੇ ਤਾਲਾ ਲਾਉਣਾ ਨਾ ਭੁੱਲਦੀ। ਹੋਸਟਲ ਤੋਂ ਪੰਜ ਮਿੰਟ ਵਿੱਚ ਵਿਭਾਗ ਪਹੁੰਚ ਜਾਂਦੀ। ਰਾਹ ਵਿੱਚ ਕੋਈ ਸਹੇਲੀ ਮਿਲਦੀ ਤਾਂ ਪਿੱਛੇ ਕੈਰੀਅਰ ਉਤੇ ਬਿਠਾ ਲੈਂਦੀ। ਹਰ ਕੋਈ ਦੇਖਦਾ ਰਹਿ ਜਾਂਦਾ ਕਿ ਇੰਨੀ ਘੱਟ ਦੂਰੀ 'ਤੇ ਸਾਈਕਲ ਰੱਖਣ ਦੀ ਕੀ ਲੋੜ! ਵਿਚਲੀ ਗੱਲ ਇਹ ਸੀ ਕਿ ਮੇਰੇ ਮਨ ਅੰਦਰ ਬਚਪਨ ਤੋਂ ਸਾਈਕਲ ਸਵਾਰੀ ਦਾ ਜਨੂਨ ਸੀ। ਯੂਨੀਵਰਸਿਟੀ ਵਿੱਚ ਸਾਈਕਲ ਮੇਰਾ ਪੱਕਾ ਸਾਥੀ ਸੀ। ਲਾਇਬ੍ਰੇਰੀ ਜਾਣਾ, ਖਰੀਦਦਾਰੀ ਕਰਨੀ ਜਾਂ ਵਿਹਲੇ ਸਮੇਂ ਦੌਰਾਨ ਘੁੰਮਣ-ਫਿਰਨ ਜਾਣਾ ਤਾਂ ਇਹ ਮੇਰੇ ਨਾਲ ਹੁੰਦਾ। ਕਦੇ ਇਕੱਲਤਾ ਮਹਿਸੂਸ ਨਹੀਂ ਹੋਣ ਦਿੱਤੀ ਅਤੇ ਬੇਸ਼ੱਕ, ਇਸ ਨੇ ਮੇਰਾ ਸਵੈਮਾਣ ਵੀ ਬੁਲੰਦ ਕੀਤਾ। ਸਾਲਾਨਾ ਪ੍ਰੀਖਿਆ ਤੋਂ ਪਹਿਲਾਂ ਸਾਡੀ ਵਿਦਾਇਗੀ ਪਾਰਟੀ ਦਾ ਦਿਨ ਆ ਗਿਆ। ਇਹੋ ਜਿਹੇ ਮੌਕੇ ਰਿਵਾਜ ਸੀ ਕਿ ਆਪਣੀ ਪ੍ਰੋਫੈਸਰ ਤੇ ਸੀਨੀਅਰਜ਼ ਦੀ ਸ਼ਖਸੀਅਤ, ਸੁਭਾਅ ਜਾਂ ਕਿਸੇ ਅੰਦਾਜ਼ ਨੂੰ ਨਾਵਾਂ ਜਾਂ ਸ਼ਿਅਰ ਦੇ ਰੂਪ ਵਿੱਚ ਬਿਆਨ ਕਰਨਾ ਤੇ ਸਬੰਧਿਤ ਸ਼ਖਤ ਖੜ੍ਹਾ ਹੋ ਕੇ ਕਬੂਲ ਕਰ ਲਵੇ। ਮੇਰੇ ਲਈ ਜੋ ਸ਼ਿਅਰ ਅਰਜ਼ ਹੋਇਆ, ਉਹ ਸੀ:

ਦੁਨੀਆਂ ਜਲਤੀ ਹੈ ਤੋ ਜਲਨੇ ਦੋ,
ਲੇਡੀ ਸਾਈਕਲ ਕਾ ਪਹੀਆ ਚਲਨੇ ਦੋ।

ਸਾਰੇ ਪੰਡਾਲ ਵਿੱਚ ਤਾੜੀਆਂ ਦੀ ਗੂੰਜ ਵਿੱਚ ਖੜ੍ਹੇ ਹੋ ਕੇ ਲਾਲ ਸੁਰਖ ਹੁੰਦੀ ਨੇ ਬੜੇ ਅਦਬ ਨਾਲ ਸਵੀਕਾਰਿਆ। ਇੰਨਾ ਵਧੀਆ, ਰੌਚਿਕ ਤੇ ਅਣ-ਅਨੁਮਾਨਿਆ ਕੁਮੈਂਟ ਸੁਣ ਕੇ ਮੇਰੇ ਕੰਨਾਂ ਵਿੱਚੋਂ ਸੇਕ ਨਿਕਲਣ ਲੱਗ ਪਿਆ। ਅਤੀਤ ਦੇ ਅਜਿਹੇ ਹੁਸੀਨ ਪਲਾਂ ਦੀ ਯਾਦ ਹੀ ਅੱਜ ਸਰੀਰਕ ਥਕਾਨ ਅਤੇ ਅਕੇਵੇਂ ਭਰੀ ਜ਼ਿੰਦਗੀ ਵਿੱਚ ਤਾਜ਼ਗੀ ਦੇ ਰੰਗ ਭਰਦੀ ਹੈ। ਚੰਡੀਗੜ੍ਹ ਦੀਆਂ ਸਾਫ ਸੁਥਰੀਆਂ, ਖੁੱਲ੍ਹੀਆਂ ਸੜਕਾਂ 'ਤੇ ਸਾਈਕਲ ਚਲਾਉਣ ਦੀ ਜੋ ਮੁਹਾਰਤ ਹਾਸਲ ਕੀਤੀ, ਉਹ ਮੇਰੇ ਬਹੁਤ ਕੰਮ ਆਈ। ਵਿਆਹ ਤੋਂ ਬਾਅਦ ਨੌਕਰੀ ਮਿਲੀ ਤਾਂ ਦੂਰ ਨੇੜੇ ਦੇ ਪਿੰਡਾਂ ਦੇ ਸਕੂਲਾਂ ਵਿੱਚ ਜਾਣ ਦੇ ਹਰ ਕੱਚੇ ਰਾਹ, ਪਗਡੰਡੀਆਂ ਤੇ ਡਾਂਡੇ ਮੀਂਡੇ (ਸ਼ਾਰਟ ਕੱਟ) ਰਾਹਾਂ ਉਤੇ ਵੀ ਮੇਰੇ ਸਾਈਕਲ ਦੇ ਪਹੀਏ ਚੱਲਦੇ ਰਹੇ। ਵੱਡੇ ਸ਼ਹਿਰਾਂ ਵਿੱਚ ਭੀੜ ਨੂੰ ਚੀਰਦੀ ਲੰਘਦੀ ਰਹੀ। ਕਿਸੇ ਸਟਾਪ ਤੋਂ ਬੱਸ ਲੈਣੀ ਹੁੰਦੀ ਤਾਂ ਸਾਈਕਲ 'ਤੇ ਉਥੇ ਪਹੁੰਚਦੀ, ਵਾਪਸੀ 'ਤੇ ਇਹ ਘਰ ਦੇ ਸਮਾਨ ਨਾਲ ਲੱਦਿਆ ਹੁੰਦਾ। ਇਉਂ ਕਈ ਦਹਾਕੇ ਲੰਘ ਗਏ ਤੇ ਇਸ ਦਾ ਸਾਥ ਖੂਬ ਮਾਣਿਆ। ਰਿਟਾਇਰਮੈਂਟ ਤੋਂ ਬਾਅਦ ਇਸ ਦੀ ਵਰਤੋਂ ਘਟ ਗਈ। ਜਦੋਂ ਵੱਡੇ ਸ਼ਹਿਰ ਮੁਹਾਲੀ ਵਿੱਚ ਆਏ ਤਾਂ ਉਥੇ ਹੀ ਕਿਸੇ ਲੋੜਵੰਦ ਨੂੰ ਦੇ ਆਈ।

ਅੱਜ ਜ਼ਮਾਨਾ ਬਦਲ ਗਿਆ ਹੈ। ਸੜਕਾਂ ਉਤੇ ਬਹੁਗਿਣਤੀ ਅਤੇ ਤੇਜ਼ ਚੱਲਦੇ ਵਾਹਨਾਂ ਦੀ ਦੌੜ ਵਿੱਚ ਸਾਈਕਲ ਸਵਾਰ ਰਸਤਾ ਲੱਭਦੇ ਫਿਰਦੇ ਹਨ ਅਤੇ ਅਕਸਰ ਹਾਦਸਿਆਂ ਦਾ ਸ਼ਿਕਾਰ ਵੀ ਬਣਦੇ ਹਨ। ਸਰਕਾਰੀ ਨੁਮਾਇੰਦਿਆਂ ਅਤੇ ਪ੍ਰਸ਼ਾਸਨ ਨੂੰ ਇਸ ਬਾਰੇ ਜ਼ਰੂਰ ਸੋਚਣਾ-ਵਿਚਾਰਨਾ ਚਾਹੀਦਾ ਹੈ। ਅੱਜ ਸਮਾਜ ਦਾ ਹਰ ਵਰਗ ਅਤੇ ਮੀਡੀਆ ਨਿੱਤ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਬਾਰੇ ਫ਼ਿਕਰਮੰਦ ਹੈ ਤੇ ਸਾਈਕਲ ਨੂੰ ਇੱਕ ਤਰ੍ਹਾਂ ਬਦਲ ਵਜੋਂ ਦੇਖ ਰਹੇ ਹਨ। ਵੱਡੇ ਸ਼ਹਿਰਾਂ ਵਿੱਚ ਕਾਫ਼ੀ ਲੋਕ ਅੱਜਕੱਲ੍ਹ 'ਸਾਈਕਲ ਟੂ ਵਰਕ' ਅਪਣਾ ਰਹੇ ਹਨ। ਇਹ ਖ਼ਬਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ ਕਿ ਕਈ ਲੋਕ ਆਪੋ-ਆਪਣੇ ਕੰਮਾਂ-ਕਾਰਾਂ ਲਈ ਸਾਈਕਲ ਉਪਰ ਜਾਂਦੇ ਹਨ। ਕਈ ਮੀਡੀਆ ਅਦਾਰੇ ਵੀ ਸਾਈਕਲ ਨੂੰ ਹੱਲਾਸ਼ੇਰੀ ਦੇ ਰਹੇ ਹਨ। ਸੰਸਥਾਵਾਂ ਵੀ ਕਈ ਵਾਰ ਮੁਹਿੰਮਾਂ ਚਲਾਉਂਦੀਆਂ ਹਨ। ਆਸ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਅਜਿਹੀਆਂ ਮੁਹਿੰਮਾਂ ਦਾ ਅਸਰ ਕਬੂਲ ਕਰਕੇ ਘਰ ਵਿੱਚ ਇੱਕ ਹੋਰ ਕਾਰ ਲੈ ਕੇ ਆਉਣ ਦੀ ਬਜਾਏ ਸਾਈਕਲ ਰੱਖਣ ਨੂੰ ਤਰਜੀਹ ਦੇਵੇਗੀ ਤਾਂ ਕਿ ਪ੍ਰਦੂਸ਼ਣ ਤੋਂ ਰਾਹਤ ਮਿਲੇ ਅਤੇ ਸਿਹਤ ਵੀ ਬਰਕਰਾਰ ਰਹੇ।

# ਛੇਹਰਟੇ ਵਾਲੇ ਬਾਬਿਆਂ ਦੀ ਦਾਸਤਾਨ

-ਡਾ. ਸੁਖਦੇਵ ਸਿੰਘ ਸੇਖੋਂ

ਇਹ ਗੱਲ ਕੋਈ ਪੰਜ ਕੁ ਸਾਲ ਪਹਿਲਾਂ ਦੀ ਹੈ। ਦਸਵੀਂ-ਬਾਰ੍ਹਵੀਂ ਦੇ ਸਾਲਨਾ ਇਮਤਿਹਾਨਾਂ ਵਿੱਚ ਮੇਰੀ ਸੁਪਰਡੈਂਟ ਵਜੋਂ ਡਿਊਟੀ ਛੇਹਰਟਾ (ਅੰਮ੍ਰਿਤਸਰ) ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਲੱਗੀ ਸੀ। ਸਵੇਰ ਵੇਲੇ ਦਸਵੀਂ ਦਾ ਪੇਪਰ ਹੁੰਦਾ ਤੇ ਸ਼ਾਮ ਨੂੰ ਬਾਰ੍ਹਵੀਂ ਦਾ। ਦੋਵਾਂ ਜਮਾਤਾਂ ਦੇ ਪੇਪਰਾਂ ਵਿਚਾਲੇ ਦੋ ਘੰਟੇ ਦਾ ਵਕਫਾ ਹੁੰਦਾ ਸੀ। ਉਸ ਦੌਰਾਨ ਸਵੇਰ ਦੇ ਪੇਪਰ ਵੇਲੇ ਦਾ ਥੱਕਿਆ ਸਟਾਫ ਥੋੜ੍ਹਾ ਆਰਾਮ ਕਰ ਲੈਂਦਾ ਸੀ। ਬਾਰ੍ਹਵੀਂ ਦਾ ਪੇਪਰ ਸ਼ੁਰੂ ਹੋਣ ਨੂੰ ਉਸ ਦਿਨ ਪੰਦਰਾਂ-ਵੀਹ ਮਿੰਟ ਸਮਾਂ ਰਹਿੰਦਾ ਸੀ ਕਿ ਬੱਚੇ ਕੇਂਦਰ ਵਿੱਚ ਆਉਣ ਲੱਗ ਪਏ। ਪ੍ਰੀਖਿਆ ਕੇਂਦਰ ਸਕੂਲ ਦੀ ਇਮਾਰਤ ਵਿੱਚ ਤੀਸਰੀ ਮੰਜ਼ਿਲ 'ਤੇ ਸੀ। ਮੈਂ ਵੇਖਿਆ ਕਿ ਹੇਠੋਂ ਇੱਕ ਬਜ਼ੁਰਗ ਇੱਕ ਬੱਚੇ ਦੇ ਸਹਾਰੇ ਪੌੜੀਆਂ ਚੜ੍ਹ ਕੇ ਉਤੇ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਦੋਂ ਕਿ ਸਕੂਲ ਦਾ ਸੇਵਾਦਾਰ ਉਸ ਨੂੰ ਸਖ਼ਤੀ ਨਾਲ ਰੋਕ ਰਿਹਾ ਸੀ। ਉਹ ਬਜ਼ੁਰਗ ਵਾਰ-ਵਾਰ ਸੇਵਾਦਾਰ ਅੱਗੇ ਹੱਥ ਜੋੜ ਕੇ ਤਰਲੇ ਕੱਢ ਰਿਹਾ ਸੀ। ਉਹ ਕਹਿੰਦਾ ਸੀ, 'ਮੈਨੂੰ ਬਸ ਇੱਕ ਵਾਰ ਸੁਪਰਡੈਂਟ ਸਾਹਿਬ ਨੂੰ ਮਿਲ ਲੈਣ ਦਿਓ। ਬਸ ਇੱਕੋ ਈ ਗੱਲ ਕਰਨੀ ਏ। ਮੈਨੂੰ ਜਾ ਲੈਣ ਦਿਓ। ਅਸੀਂ ਤਾਂ ਅੱਗੇ ਈ ਰੱਬ ਦੇ ਮਾਰੇ ਆਂ।'

ਮੈਨੂੰ 80-85 ਸਾਲ ਦੇ ਉਸ ਬਜ਼ੁਰਗ ਉਤੇ ਤਰਸ ਆ ਗਿਆ। ਮੈਂ ਉਹਨੂੰ ਆਪਣੇ ਕੋਲ ਬੁਲਾ ਲਿਆ ਅਤੇ ਬੈਠਣ ਲਈ ਕੁਰਸੀ ਦਿੱਤੀ। ਉਹ ਉਸੇ ਤਰ੍ਹਾਂ ਹੱਥ ਜੋੜੀ ਨਿਮਰਤਾ ਨਾਲ ਕਹਿਣ ਲੱਗਾ, 'ਸਾਹਿਬ ਬਹਾਦਰ! ਮੈਂ ਇੱਕੋ ਬੇਨਤੀ ਕਰਨੀ ਏ। ਮੇਰੀ ਗੱਲ ਜ਼ਰੂਰ ਸੁਣ ਲਵੋ।' ਮੈਂ ਉਸ ਨੂੰ ਕਿਹਾ ਕਿ ਛੇਤੀ ਦੱਸੋ। ਉਸ ਵੇਲੇ ਮੇਰੇ ਕੋਲ ਬਹੁਤਾ ਸਮਾਂ ਨਹੀਂ ਸੀ। ਉਹ ਆਪਣੇ ਨਾਲ ਖੜ੍ਹੇ ਮੁੰਡੇ (ਜਿਹੜਾ ਉਸ ਕੇਂਦਰ ਵਿੱਚ ਬਾਰ੍ਹਵੀਂ ਦਾ ਪੇਪਰ ਦੇਣ ਆਇਆ ਸੀ) ਵੱਲ ਇਸ਼ਾਰਾ ਕਰ ਕੇ ਕਹਿਣ ਲੱਗਾ, 'ਆਹ ਮੁੰਡਾ ਮੇਰਾ ਦੋਹਤਾ ਏ। ਇਹ ਤਿੰਨਾਂ ਮਹੀਨਿਆਂ ਦਾ ਸੀ ਕਿ ਖਾੜਕੂਆਂ ਨੇ ਇਹਦੇ ਮਾਂ-ਪਿਉ, ਮੇਰੇ ਧੀ-ਜੁਆਈ ਨੂੰ ਮਾਰ ਦਿੱਤਾ ਸੀ। ਉਦੋਂ ਮੇਰੇ ਪਰਵਾਰ ਦੇ ਕੁੱਲ ਦਸ ਜੀਅ ਉਸ ਹਮਲੇ 'ਚ ਮਾਰੇ ਗਏ ਸਨ। ਉਸ ਦਿਨ ਤੋਂ ਮੈਨੂੰ ਈ ਪਤਾ ਏ ਕਿ ਮੈਂ ਇਹਨੂੰ ਕਿਵੇਂ ਪਾਲਿਆ?' ਬਜ਼ੁਰਗ ਦਾ ਗੱਚ ਭਰ ਆਇਆ ਤੇ ਕਾਫ਼ੀ ਸਮਾਂ ਉਸ ਤੋਂ ਅੱਗੇ ਕੁਝ ਨਾ ਬੋਲਿਆ ਗਿਆ। ਉਸਦੀ ਗੱਲ ਸੁਣ ਕੇ ਮੇਰੇ ਮਨ 'ਤੇ ਘੋਰ ਉਦਾਸੀ ਛਾ ਗਈ।

ਮੈਨੂੰ 17-18 ਸਾਲ ਪਹਿਲਾਂ ਛੇਹਰਟੇ ਲਾਗਲੇ ਪਿੰਡ ਵਿੱਚ ਹੋਈ ਵਾਰਦਾਤ ਯਾਦ ਆ ਗਈ, ਜਦੋਂ ਕੁਝ ਅਣਪਛਾਤੇ ਬੰਦਿਆਂ ਨੇ ਇੱਕ ਵਿਆਹ ਵਾਲੇ ਘਰ ਗੋਲ਼ੀਆਂ ਚਲਾ ਕੇ ਇੱਕੋ ਪਰਵਾਰ ਦੇ ਦਰਜਨ ਦੇ ਕਰੀਬ ਮੈਂਬਰ ਮਾਰ ਦਿੱਤੇ ਸਨ। ਉਂਜ ਉਨ੍ਹੀਂ ਦਿਨੀਂ ਏਦਾਂ ਦੀਆਂ ਹੋਰ ਵੀ ਵਾਰਦਾਤਾਂ ਹੋਈਆਂ ਸਨ ਜਿਨ੍ਹਾਂ ਵਿੱਚ ਪਰਵਾਰ ਦੇ ਕਈ ਜੀਅ ਇਕੱਠੇ ਮਾਰੇ ਗਏ ਸਨ। ਬਜ਼ੁਰਗ ਕਹਿਣ ਲੱਗਾ, 'ਬਸ ਮੈਂ ਤੁਹਾਨੂੰ ਇੰਨਾ ਈ ਦੱਸਣਾ ਸੀ ਕਿ ਜੇ ਹੋ ਸਕੇ ਤਾਂ ਆਪਣਾ ਬੱਚਾ ਸਮਝ ਕੇ ਥੋੜ੍ਹਾ-ਬਹੁਤ ਧਿਆਨ ਰੱਖ ਲੈਣਾ।' ਇੰਨਾ ਕਹਿ ਕੇ ਬਾਬਾ ਉਠ ਪਿਆ। ਮੈਂ ਉਹਨੂੰ ਹੌਸਲਾ ਦੇ ਕੇ ਤੋਰਿਆ। ਉਹ ਤਾਂ ਚਲਾ ਗਿਆ, ਪਰ ਮੇਰਾ ਮਨ ਬਹੁਤ ਬੇਚੈਨ ਹੋ ਗਿਆ। ਇਸ ਬੇਚੈਨੀ ਦਾ ਕਾਰਨ ਇਕੱਲਾ ਇਹ ਬਾਬਾ ਨਹੀਂ, ਇਹਦੇ ਨਾਲ ਮੇਰੇ ਮਨ-ਮਸਤਕ ਵਿੱਚ ਵੱਸਿਆ ਇੱਕ ਹੋਰ ਬਾਬਾ ਵੀ ਸ਼ਾਮਲ ਹੋ ਗਿਆ ਸੀ।

ਇਹ ਇਸ ਤੋਂ ਇੱਕ ਦਹਾਕਾ ਹੋਰ ਪਹਿਲਾਂ ਦੀ ਗੱਲ ਸੀ। ਉਦੋਂ ਮੈਂ ਜਲੰਧਰ ਨੇੜਲੇ ਕਸਬੇ ਸੂਰਾਨਸੀ ਦੇ ਇੱਕ ਕ੍ਰਿਸਚੀਅਨ ਸਕੂਲ 'ਚ ਪੰਜਾਬੀ ਅਧਿਆਪਕ ਲੱਗਾ ਹੋਇਆ ਸਾਂ। ਸਕੂਲੋਂ ਛੁੱਟੀ ਹੋਣ ਉਤੇ ਮੈਂ ਕਰਤਾਰ-ਪੁਰ ਆ ਜਾਂਦਾ ਤੇ ਰੇਲਵੇ ਸਟੇਸ਼ਨ ਤੋਂ ਅੰਮ੍ਰਿਤਸਰ ਦੀ ਰੇਲ-ਗੱਡੀ ਫੜਦਾ। ਮੇਰੇ ਸਕੂਲੋਂ ਛੁੱਟੀ ਦੇ ਸਮੇਂ ਅਤੇ ਰੇਲ-ਗੱਡੀ ਦੇ ਆਉਣ ਦੇ ਸਮੇਂ ਵਿੱਚ ਕਾਫ਼ੀ ਵਕਫਾ ਹੁੰਦਾ ਸੀ, ਪਰ ਰੇਲ-ਗੱਡੀ ਦੇ ਸਸਤੇ ਪਾਸ ਦੇ ਲਾਲਚ ਕਾਰਨ ਮੈਂ ਇਹ ਵਕਫਾ ਕਿਸੇ ਨਾ ਕਿਸੇ ਤਰ੍ਹਾਂ ਲੰਘਾ ਲੈਂਦਾ। ਵਿਹਲੇ ਸਮੇਂ ਮੈਂ ਪਲੇਟਫਾਰਮ 'ਤੇ ਐਂਵੇਂ ਘੁੰਮਦਾ ਰਹਿੰਦਾ। ਸਰਦੀਆਂ ਦੇ ਉਨ੍ਹਾਂ ਦਿਨਾਂ ਵਿੱਚ ਮੁਸਾਫਰਖਾਨੇ ਦੀ ਇੱਕ ਨੁੱਕਰੇ ਗੰਦੀ ਜਿਹੀ ਰਜਾਈ ਜਾਂ ਕੰਬਲ ਦੀ ਬੁੱਕਲ ਮਾਰੀ ਇੱਕ ਬਾਬਾ ਬੈਠਾ ਹੁੰਦਾ। ਉਹਦੇ ਲਾਗੇ ਕਿੰਨੇ ਹੀ ਕੁੱਤੇ-ਕੁੱਤੀਆਂ ਇਸ ਤਰ੍ਹਾਂ ਬੈਠੇ ਹੁੰਦੇ, ਜਿਵੇਂ ਉਹਦੇ ਪਰਵਾਰ ਦੇ ਮੈਂਬਰ ਹੋਣ। ਜੇ ਉਹ ਕੁੱਤੇ-ਕੁੱਤੀਆਂ ਆਪਸ ਵਿੱਚ ਲੜ ਕੇ ਚਊਂ-ਚਾਊਂ ਕਰਨ ਲੱਗ ਪੈਂਦੇ ਤਾਂ ਬਾਬਾ ਆਪਣੇ ਉਚੇ ਗਰਜਵੇਂ ਬੋਲ ਵਿੱਚ ਉਹਨ੍ਹਾਂ ਨੂੰ ਦਬਕਾ ਮਾਰਦਾ। ਉਹ ਉਸ ਦੀ ਭਾਸ਼ਾ ਨੂੰ ਸਮਝਦੇ ਹੋਏ ਉਸੇ ਵੇਲੇ ਚੁੱਪ ਕਰ ਜਾਂਦੇ। ਉਹ ਬਾਬਾ ਰੇਲ-ਗੱਡੀ ਵਿੱਚ ਪਾਪੜ ਵੇਚ ਕੇ ਗੁਜ਼ਾਰਾ ਕਰਦਾ ਸੀ। ਜਦੋਂ ਗੱਡੀ ਆਉਂਦੀ ਤਾਂ ਉਹ ਫੁਰਤੀ ਨਾਲ ਉਠਦਾ ਤੇ ਪਾਪੜ ਵਾਲਾ ਛਿੱਕੂ ਚੁੱਕ ਕੇ ਗੱਡੀ ਵਿੱਚ ਚੜ੍ਹ ਜਾਂਦਾ। ਉਹਦੇ ਜਾਣ ਪਿੱਛੋਂ ਕੁੱਤੇ-ਕੁੱਤੀਆਂ ਓਥੇ ਹੀ ਉਹਦੇ ਬਿਸਤਰੇ 'ਤੇ ਪਏ ਹੋਰ ਸਾਮਾਨ ਦੀ ਰਾਖੀ ਕਰਦੇ। ਮੈਂ ਹਰ ਵਕਤ ਉਸ ਨੂੰ ਉਸੇ ਮੁਸਾਫਰਖਾਨੇ ਵਿੱਚ ਬੈਠੇ ਨੂੰ ਵੇਖਿਆ ਸੀ। ਉਹਦੇ ਲਾਗੇ ਪਏ ਕੱਪੜੇ-ਲੀੜਿਆਂ ਅਤੇ ਹੋਰ ਨਿਕ-ਸੁੱਕ ਨੂੰ ਵੇਖ ਕੇ ਲੱਗਦਾ ਸੀ, ਜਿਵੇਂ ਇਹੋ ਮੁਸਾਫਰਖਾਨਾ ਉਸ ਦਾ ਪੱਕਾ ਟਿਕਾਣਾ ਹੋਵੇ। ਇੱਕ ਦਿਨ ਬੱਦਲਵਾਈ ਦਾ ਮੌਸਮ ਹੋਣ ਕਾਰਨ ਠੰਢ ਕਾਫੀ ਵਧ ਗਈ ਸੀ। ਮੈਂ ਵੇਖਿਆ ਕਿ ਬਾਬਾ ਕੰਬਲ ਦੀ ਬੁੱਕਲ ਮਾਰੀ ਮੁਸਾਫਰਖਾਨੇ ਦੀ ਇੱਕ ਗੁੱਠ ਵਿੱਚ ਕੰਧ ਨਾਲ ਢਾਹ ਲਾਈ ਖਊਂ-ਖਊਂ ਕਰ ਰਿਹਾ ਸੀ। ਉਸ ਦੇ ਨੇੜੇ ਪਈ ਪਾਪੜਾਂ ਵਾਲੀ ਅੰਗੀਠੀ ਅੱਜ ਠੰਢੀ ਪਈ ਸੀ। ਬਾਬਾ ਬਿਮਾਰ ਲੱਗਦਾ ਸੀ।

ਮੈਂ ਅੱਗੇ ਕਦੇ ਉਸ ਤੋਂ ਉਹਦੇ ਘਰ-ਬਾਰ ਬਾਰੇ ਨਹੀਂ ਸੀ ਪੁੱਛਿਆਂ। ਅੱਜ ਹੌਸਲਾ ਕਰਕੇ ਪੁੱਛ ਲਿਆ।

'ਇਹੋ ਈ ਆ ਮੇਰਾ ਘਰ, ਜਿੱਥੇ ਮੈਂ ਬੈਠਾਂ।' ਉਸ ਨੇ ਆਪਣੇ ਸੁਭਾਅ ਮੁਤਾ-ਬਕ ਬੜੀ ਬੇਰੁਖ਼ੀ ਨਾਲ ਸੰਖੇਪ ਜਿਹਾ ਜਵਾਬ ਦਿੱਤਾ।

'ਤੁਹਾਡੇ ਬਾਲ-ਬੱਚੇ, ਘਰਵਾਲੀ।' ਮੈਂ ਡਰਦੇ-ਡਰਦੇ ਨੇ ਫਿਰ ਪੁੱਛ ਲਿਆ।

ਮੈਂ ਸੋਚਦਾ ਸਾਂ ਕਿ ਸ਼ਾਇਦ ਕਿਸੇ ਦੂਰ-ਦੁਰਾਡੇ ਪਿੰਡ ਵਿੱਚ ਉਸ ਦੇ ਘਰਦੇ ਰਹਿੰਦੇ ਹੋਣਗੇ ਤੇ ਬਾਬਾ ਇਥੇ ਸ਼ਹਿਰ ਦਾ ਟਿਕਾਣਾ ਵੇਖ ਕੇ ਪਾਪੜ ਵੇਚਣ ਲੱਗਾ ਹੋਵੇਗਾ, ਪਰ ਉਸ ਦਾ ਜਵਾਬ ਸੁਣ ਕੇ ਮੈਂ ਸੁੰਨ ਹੋ ਗਿਆ।


'ਮੇਰਾ ਘਰ ਅੰਮ੍ਰਿਤਸਰ ਨੇੜੇ ਛੇਹਰਟੇ ਵਿੱਚ ਸੀ। ਸੰਨ 1965 ਦੀ ਜੰਗ ਵਿੱਚ ਇੱਕ ਬੰਬ ਮੇਰੇ ਘਰ 'ਤੇ ਡਿੱਗਿਆ। ਮੇਰੀ ਘਰਵਾਲੀ ਅਤੇ ਦੋਵੇਂ ਬੱਚੇ ਮਾਰੇ ਗਏ। ਮੈਂ ਬਾਹਰ ਮਜ਼ਦੂਰੀ ਕਰਨ ਗਿਆ ਹੋਣ ਕਾਰਨ ਬਚ ਗਿਆ। ਹੌਲੀ-ਹੌਲੀ, ਕਈ ਥਾਂ ਥੱਕੇ ਖਾਂਦਾ ਮੈਂ ਇਥੇ ਆ ਟਿਕਿਆ।'

'ਤੇ ਕੋਈ ਰਿਸ਼ਤੇਦਾਰ ਨਹੀਂ ਤੁਹਾਡਾ?' ਮੈਂ ਉਸ ਨੂੰ ਸਰਸਰੀ ਪੁੱਛਿਆ।

ਉਹਦੇ ਚਿਹਰੇ 'ਤੇ ਵਿਅੰਗ ਭਰੀ ਮੁਸਕਰਾਹਟ ਫੈਲ ਗਈ, 'ਮੁਸੀਬਤ ਮਾਰਿਆਂ ਦਾ ਕੌਣ ਰਿਸ਼ਤੇਦਾਰ ਬਣਦਾ ਏ ਗ਼ਰੀਬਾਂ ਦਾ?'

ਮੈਂ ਉਸ ਨੂੰ ਪੁੱਛਿਆ ਕਿ ਕੀ ਇਥੇ ਜੀਅ ਲੱਗਾ ਰਹਿੰਦਾ ਹੈ ਤੁਹਾਡਾ? ਉਸ ਨੇ ਕਿਹਾ, 'ਜੀਅ ਨੂੰ ਕੀ ਆ, ਟਾਈਮ ਈ ਪਾਸ ਕਰਨਾ ਹੈ। ਬਸ, ਮਸਤ ਹੋ ਕੇ ਇਥੇਹੀ ਪਏ ਰਹੀਦਾ ਹੈ ਅਤੇ ਰਾਤ ਨੂੰ ਢਾਬੇ ਤੋਂ ਰੋਟੀ ਖਾ ਲਈਦੀ ਹੈ।'

ਇੰਨੇ ਨੂੰ ਰੇਲ-ਗੱਡੀ ਆ ਗਈ ਅਤੇ ਮੈਂ ਭਰੇ ਮਨ ਨਾਲ ਗੱਡੀ ਚੜ੍ਹਨ ਲਈ ਮੁਸਾਫਰਖਾਨੇ ਤੋਂ ਬਾਹਰ ਆ ਗਿਆ। ਇਸ ਘਟਨਾ ਨੇ ਕਈ ਦਿਨ ਮੇਰੇ ਮਨ ਨੂੰ ਉਦਾਸ ਕਰੀ ਰੱਖਿਆ ਸੀ। ਅੱਜ ਫਿਰ ਲਗਭਗ ਦਸਾਂ ਸਾਲਾਂ ਬਾਅਦ ਉਹ ਘਟਨਾ ਮੇਰੇ ਮਨ ਦੀ ਰੀਲ੍ਹ 'ਤੇ ਪੂਰੀ ਤਰ੍ਹਾਂ ਘੁੰਮ ਗਈ। ਦਸ ਸਾਲ ਪਹਿਲਾਂ ਵਾਲੇ ਤੇ ਅੱਜ ਵਾਲੇ ਬਾਬੇ ਵਿੱਚ ਕਿੰਨੀ ਸਮਾਨਤਾ ਸੀ। ਉਹ ਦੋਵੇਂ ਛੇਹਰਟੇ ਦੇ ਰਹਿਣ ਵਾਲੇ ਸਨ। ਦੋਵੇਂ ਜਦੋਂ ਮੈਨੂੰ ਮਿਲੇ, ਉਮਰ ਦੇ ਆਖਰੀ ਡੰਡੇ 'ਤੇ ਖੜ੍ਹੇ ਸਨ। ਇੱਕ ਬਾਬੇ ਦੇ ਪਰਵਾਰ ਨੂੰ ਗੁਆਂਢੀ ਦੇਸ਼ ਨਾਲ ਲੱਗੀ ਜੰਗ ਨੇ ਖਾ ਲਿਆ ਸੀ ਤੇ ਦੂਸਰੇ ਨੂੰ ਆਪਣੇ ਦੇਸ਼ ਵਿੱਚ ਲੱਗੀ ਅੱਗ ਨਿਗਲ ਗਈ। ਮੇਰਾ ਮਨ ਅੱਜ ਫਿਰ ਉਦਾਸ ਹੋ ਗਿਆ ਸੀ।



# ਖ਼ਬਰਾਂ ਪੰਜਾਬ ਦੀਆਂ



## ਬੋਨੀ ਅਜਨਾਲਾ ਵੱਲੋਂ ਅਕਾਲੀ ਦਲ ਟਕਸਾਲੀ ਛੱਡਣ ਦੀ ਚਰਚਾ ’ਤੇ ਕਾਟਾ

### * ਬਾਦਲ ਅਕਾਲੀ ਦਲ ਵਿੱਚ ਵਾਪਸੀ ਨੂੰ ਅਫਵਾਹ ਦੱਸਿਆ



ਅੰਮ੍ਰਿਤਸਰ, 10 ਫਰਵਰੀ (ਪੋਸਟ ਬਿਊਰੋ)- ਹਲਕਾ ਅਜਨਾਲਾ ਦੇ ਸਾਬਕਾ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਦਾ ਕਹਿਣਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨਾਲ ਹੀ ਜੁੜੇ ਰਹਿਣਗੇ ਅਤੇ ਅਕਾਲੀ ਦਲ ਬਾਦਲ ਵਿੱਚ ਵਾਪਸੀ ਨਹੀਂ ਕਰਨਗੇ। ਉਨ੍ਹਾਂ ਇਸ ਸਬੰਧੀ ਚੱਲ ਰਹੀ ਚਰਚਾ ਨੂੰ ਰੱਦ ਕੀਤਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਕੁਝ ਦਿਨ ਤੋਂ ਇਹ ਚਰਚਾ ਚੱਲ ਰਹੀ ਹੈ ਕਿ ਅਕਾਲੀ ਦਲ ਟਕਸਾਲੀ ਦਾ ਹਿੱਸਾ ਬਣੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਫਿਰ ਘਰ-ਵਾਪਸੀ ਕਰ ਰਹੇ ਹਨ ਤੇ 13 ਫਰਵਰੀ ਨੂੰ ਹੋਣ ਵਾਲੀ ਰੈਲੀ ਸਮੇਂ ਬਾਦਲ ਅਕਾਲੀ ਦਲ ਵਿੱਚ ਸ਼ਾਮਲ ਹੋ ਜਾਣਗੇ। ਇਸ ਬਾਰੇ ਕੱਲ੍ਹ ਬੋਨੀ ਅਜਨਾਲਾ ਨੇ ਕਿਹਾ ਕਿ ਉਹ ਅਕਾਲੀ ਦਲ ਟਕਸਾਲੀ ਨਾਲ ਜੁੜੇ ਹਨ ਤੇ ਜੁੜੇ ਰਹਿਣਗੇ। ਉਨ੍ਹਾਂ ਨੇ ਇਸ ਬਾਰੇ ਚਲ ਰਹੀ ਚਰਚਾ ਨੂੰ ਅਫਵਾਹ ਅਤੇ ਮੀਡੀਆ ਦੀ ਉਪਜ ਦੱਸ ਕੇ ਕਿਹਾ ਕਿ ਇਸ ਵਿੱਚ ਕੋਈ ਸਚਾਈ ਨਹੀਂ ਤੇ ਨਾ ਉਨ੍ਹਾਂ ਦੀ ਕਿਸੇ ਨਾਲ ਕੋਈ ਗੱਲਬਾਤ ਹੋਈ ਹੈ।

ਅਕਾਲੀ ਦਲ ਟਕਸਾਲੀ ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ ਨੇ ਵੀ ਕਿਹਾ ਹੈ ਕਿ ਉਨ੍ਹਾਂ ਦੀ ਇਸ ਬਾਰੇ ਬੋਨੀ ਅਜਨਾਲਾ ਨਾਲ ਗੱਲਬਾਤ ਨਹੀਂ ਹੋਈ, ਪਰ ਉਸ ਦੇ ਪਿਤਾ ਡਾ. ਰਤਨ ਸਿੰਘ ਅਜਨਾਲਾ ਸਾਬਕਾ ਪਾਰਲੀਮੈਂਟ ਮੈਂਬਰ ਨੇ ਇਸ ਚਰਚਾ ਨੂੰ ਅਫਵਾਹ ਆਖਿਆ ਹੈ।

ਉਂਜ ਬੇਸ਼ੱਕ ਬੋਨੀ ਅਜਨਾਲਾ ਨੇ ਇਸ ਚਰਚਾ ਨੂੰ ਅਫਵਾਹ ਦੱਸ ਕੇ ਰੋਕਣ ਦਾ ਯਤਨ ਕੀਤਾ ਹੈ, ਪਰ ਸਿਆਸੀ ਹਲਕਿਆਂ ਅਤੇ ਖਾਸ ਕਰਕੇ ਬਾਦਲ ਅਕਾਲੀ ਦਲ ਵਿੱਚ 13 ਫਰਵਰੀ ਨੂੰ ਹੋਣ ਵਾਲੀ ਰੈਲੀ ਸਮੇਂ ਉਸ ਦੀ ਘਰ ਵਾਪਸੀ ਦੀ ਚਰਚਾ ਅਜੇ ਵੀ ਚੱਲ ਰਹੀ ਹੈ। ਕੱਲ੍ਹ ਏਥੇ ਆਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਜੇ ਕੋਈ ਪਾਰਟੀ ਨੀਤੀਆਂ ਦਾ ਸਮਰਥਨ ਕਰ ਕੇ ਘਰ ਵਾਪਸੀ ਕਰਦਾ ਹੈ ਤਾਂ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਛੱਡ ਕੇ ਗਏ ਕਈ ਆਗੂ ਅਗਲੇ ਦਿਨਾਂ ਵਿੱਚ ਘਰ ਵਾਪਸੀ ਕਰਨਗੇ।

ਵਰਨਣ ਯੋਗ ਹੈ ਕਿ ਬੋਨੀ ਅਜਨਾਲਾ ਦੀ ਇੱਕ ਤਸਵੀਰ ਸੁਖਬੀਰ ਸਿੰਘ ਬਾਦਲ ਨਾਲ ਵਾਇਰਲ ਹੋਈ ਹੈ ਜਿਸ ਵਿੱਚ ਉਹ ਸੁਖਬੀਰ ਸਿੰਘ ਬਾਦਲ ਦੇ ਨੇੜੇ ਦਿਖਾਈ ਦੇ ਰਿਹਾ ਹੈ। ਇਹ ਤਸਵੀਰ ਸਾਬਕਾ ਭਾਜਪਾ ਮੰਤਰੀ ਅਨਿਲ ਜੋਸ਼ੀ ਦੇ ਬੇਟੇ ਦੇ ਵਿਆਹ ਮੌਕੇ ਦੀ ਹੈ ਜਿੱਥੇ ਸੁਖਬੀਰ ਸਿੰਘ ਬਾਦਲ ਅਤੇ ਬੋਨੀ ਅਜਨਾਲਾ ਦੋਵੇਂ ਪੁੱਜੇ ਹੋਏ ਸਨ।

## ਡਿਲਿਵਰੀ ਬੁਆਇਜ਼ ਦੀਆਂ ਮੌਤਾਂ ਦਾ ਮੁੱਦਾ ਹਾਈ ਕੋਰਟ ਪੁੱਜਾ



ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਅੱਜਕੱਲ੍ਹ ਸ਼ਹਿਰੀ ਅਤੇ ਅੱਧ ਸ਼ਹਿਰੀ ਇਲਾਕਿਆਂ ਵਿੱਚ ਭੋਜਨ ਡਿਲਿਵਰੀ ਕੰਪਨੀਆਂ ਦੀ ਭਰਮਾਰ ਹੈ। ਲੋਕੀਂ ਫੋਨ ਉਤੇ ਇਨ੍ਹਾਂ ਕੰਪਨੀਆਂ ਰਾਹੀਂ ਵੱਖ-ਵੱਖ ਢਾਬਿਆਂ ਰੈਸਟੋਰੈਂਟਾਂ ਆਦਿ ਤੋਂ ਆਪਣੀ ਪਸੰਦ ਦਾ ਭੋਜਨ ਮੰਗਵਾਉਂਦੇ ਹਨ। ਮੁਕਾਬਲੇ ਦੇ ਦੌਰ ਕਾਰਨ ਇਹ ਕੰਪਨੀਆਂ ਇੱਕ ਦੂਜੀ ਤੋਂ ਵਪਾਰਕ ਤੌਰ 'ਤੇ ਅੱਗੇ ਵਧਣ ਲਈ ਇੱਕ ਮਿੱਥੇ ਸਮੇਂ ਵਿੱਚ ਭੋਜਨ ਪੁੱਜਦਾ ਕਰਨ ਦਾ ਭਰੋਸਾ ਦਿੰਦੀਆਂ ਹਨ ਅਤੇ ਨਾ ਸ਼ਰਤ ਪੂਰੀ ਹੋਣ 'ਤੇ ਭੋਜਨ ਮੁਫਤ ਤੱਕ ਦੇਣ ਦੇ ਵਾਅਦੇ ਕਰਨ ਤੱਕ ਜਾ ਰਹੀਆਂ ਹਨ। ਇਸ ਦਾ ਸਿੱਧਾ ਅਸਰ ਭੋਜਨ ਪਹੁੰਚਾਉਣ ਵਾਲੇ ਯਾਨੀ ਕਿ ਡਿਲਿਵਰੀ ਬੁਆਇਜ਼ 'ਤੇ ਪੈਂਦਾ ਹੈ। ਦਬਾਅ ਕਾਰਨ ਉਸ ਨੂੰ ਤੇਜ਼ ਰਫਤਾਰ ਵਿੱਚ ਆਪਣਾ ਦੋਪਹੀਆ ਵਾਹਨ ਚਲਾਉਣਾ ਪੈਂਦਾ ਹੈ। ਨਤੀਜੇ ਵਜੋਂ ਪਿਛਲੇ ਇੱਕ ਸਾਲ ਵਿੱਚ ਕਈ ਡਿਲਿਵਰੀ ਬੁਆਇਜ਼ ਦੀ ਮੌਤ ਹੋ ਚੁੱਕੀ, ਜਿਹੜੇ ਮਿੱਥੇ ਸਮੇਂ 'ਤੇ ਭੋਜਨ ਹਰ ਹਾਲ ਪੁੱਜਦਾ ਕਰਨ ਦੀ ਸ਼ਰਤ ਨਿਭਾਉਂਦੇ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਗਏ ਹਨ।

ਐਡਵੋਕੇਟ ਹਰੀ ਚੰਦ ਅਰੋੜਾ ਨੇ ਇਹ ਮਾਮਲਾ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁੱਕਿਆ ਹੈ। ਇਸ ਬਾਰੇ ਦਾਇਰ ਜਨਹਿਤ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਅਜਿਹੀਆਂ ਨਿੱਜੀ ਕੰਪਨੀਆਂ ਨੂੰ ਅਜਿਹੇ ਮੁਕਾਬਲੇ ਦੀ ਦੌੜ ਦੇ ਮਾਪਦੰਡਾਂ ਤੋਂ ਪਰੇ ਰਹਿਣ ਦੇ ਹੁਕਮ ਜਾਰੀ ਕੀਤੇ ਜਾਣ।

## ਗਰੀਬਾਂ ਦੇ ਵਾਸਤੇ ਬਣੀ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਵਿੱਚ ਧੋਖਾਧੜੀ




ਲੁਧਿਆਣਾ, 10 ਫਰਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਗਰੀਬਾਂ ਦੇ ਇਲਾਜ ਲਈ ਸ਼ੁਰੂ ਕੀਤੀ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਵਿੱਚ ਫਰਾਡ ਹੋ ਰਿਹਾ ਹੈ। ਲੁਧਿਆਣਾ ਵਿੱਚ ਬਣੇ ਸੀ ਐੱਸ ਸੀ (ਕਾਮਨ ਸਰਵਿਸ ਸੈਂਟਰ) ਪੈਸਿਆਂ ਦੇ ਲਾਲਚ ਵਿੱਚ ਲੋਕਾਂ ਦੇ ਫਰਜ਼ੀ ਗੋਲਡਨ ਕਾਰਡ ਬਣਾ ਰਹੇ ਹਨ। ਸਿਵਿਲ ਹਸਪਤਾਲ ਵਿੱਚ ਇਲਾਜ ਲਈ ਆਏ ਕੁਝ ਲੋਕਾਂ ਦੇ ਕਾਰਡ ਚੈੱਕ ਕਰਨ ਉੱਤੇ ਇਹ ਫਰਜ਼ੀਵਾੜਾ ਸਾਹਮਣੇ ਆਇਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਫਤਿਹਗੜ੍ਹ ਸਾਹਿਬ ਤੇ ਪਟਿਆਲਾ ਵਿੱਚ ਆਯੂਸ਼ਮਾਨ ਕਾਰਡ ਯੋਜਨਾ ਦਾ ਫਰਾਡ ਪਤਾ ਲੱਗਾ ਸੀ। ਭਾਰਤ ਵਿੱਚ ਇਲਾਜ ਮਹਿੰਗਾ ਹੋਣ ਕਰ ਕੇ ਕੇਂਦਰ ਭਾਰਤ ਸਰਕਾਰ ਨੇ ਗਰੀਬਾਂ ਦੇ ਇਲਾਜ ਲਈ ਆਯੂਸ਼ਮਾਨ ਸਰਬੱਤ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਸੀ, ਜਿਸ ਵਿੱਚ 6 ਗਰੁੱਪ ਬਣਾ ਕੇ ਉਨ੍ਹਾਂ ਵਿੱਚ ਵੱਖ-ਵੱਖ ਸ਼੍ਰੇਣੀ ਦੇ ਲੋਕਾਂ ਨੂੰ ਰੱਖਿਆ ਗਿਆ ਸੀ ਤਾਂ ਕਿ ਇਨ੍ਹਾਂ ਯੋਜਨਾਵਾਂ ਦਾ ਲਾਭਪਾਤਰੀ ਸਿਵਿਲ ਹਸਪਤਾਲ ਤੋਂ ਬਿਨਾ ਕੋਈ ਪ੍ਰਾਈਵੇਟ ਹਸਪਤਾਲ ਵਿੱਚ ਵੀ ਮੁਫਤ ਇਲਾਜ ਕਰਵਾ ਸਕੇ। ਗੋਲਡਨ ਕਾਰਡ ਲਈ ਸਿਵਿਲ ਹਸਪਤਾਲ ਵਿੱਚ ਚਾਰ ਕਾਊਂਟਰਾਂ ਉੱਤੇ ‘ਅਰੋਗ ਮਿੱਤਰ’ ਕਰਮਚਾਰੀ ਬਿਠਾਏ ਗਏ ਹਨ, ਜਿਹੜੇ ਕਾਰਡ ਬਣਾਉਂਦੇ ਹਨ। ਇਸ ਤੋਂ ਬਿਨਾ ਪੰਜਾਬ ਸਰਕਾਰ ਵੱਲੋਂ ਜਿਸ ਕੰਪਨੀ ਨਾਲ ਸਮਝੌਤਾ ਹੋਇਆ, ਉਸ ਨੇ ਲੁਧਿਆਣਾ ਵਿੱਚ 128 ਕਾਮਨ ਸਰਵਿਸ ਸੈਂਟਰ ਬਣਾਏ ਹੋਏ ਹਨ। ਇਸ ਕਾਰਡ ਉੱਤੇ 124 ਕਿਸਮ ਦੀਆਂ ਬੀਮਾਰੀਆਂ ਦਾ ਇਲਾਜ ਹੋ ਸਕਦਾ ਹੈ। ਗੋਲਡਨ ਕਾਰਡ ਬਣਾਉਣ ਲਈ ਜਦੋਂ ਕਿਸੇ ਦਾ ਨਾਂ ਕੰਪਨੀ ਦੀ ਵੈੱਬਸਾਈਟ ਉੱਤੇ ਪੈਂਦਾ ਹੈ ਤਾਂ ਉਸ ਨਾਂ ਦੇ ਦੇਸ਼ ਵਿੱਚ ਜਿੰਨੇ ਵੀ ਲੋਕ ਹੁੰਦੇ ਹਨ, ਉਨ੍ਹਾਂ ਦੀ ਸੂਚੀ ਨਿਕਲ ਆਉਂਦੀ ਹੈ। ਇਸ ਪਿੱਛੋਂ ਫਰਜ਼ੀ ਕਾਰਡ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਕਾਮਨ ਸਰਵਿਸ ਸੈਂਟਰ ਵਾਲੇ ਉਨ੍ਹਾਂ ਨਾਵਾਂ ਨਾਲ ਮਿਲਦੇ ਨਾਵਾਂ ਵਾਲੇ ਲੋਕਾਂ ਦੀਆਂ ਫੋਟੋ ਲਾ ਕੇ ਨਕਲੀ ਕਾਰਡ ਬਣਾਈ ਜਾਂਦੇ ਹਨ। ਜਦੋਂ ਇਸ ਤਰ੍ਹਾਂ ਦੇ ਕਾਰਡ ਲੈ ਕੇ ਲੋਕ ਹਸਪਤਾਲ ਗਏ ਤਾਂ ਪਰਿਵਾਰਕ ਮੈਂਬਰਾਂ ਦੇ ਨਾਂ ਅਤੇ ਪਤੇ ਕਾਰਡ ਧਾਰਕ ਦੇ ਵੈੱਬਸਾਈਟ ਵੇਰਵੇ ਨਾਲ ਮੈਚ ਨਹੀਂ ਹੋ ਸਕੇ।

ਪੰਜਾਬ ਸਰਕਾਰ ਨੇ ਏਦਾਂ ਦੇ ਕਾਰਡ ਬਣਾਉਣ ਦਾ ਠੇਕਾ ਜਿਸ ਕੰਪਨੀ ਨੂੰ ਦਿੱਤਾ ਹੈ, ਉਸ ਨੇ ਸਿਵਲ ਹਸਪਤਾਲ ਵਿੱਚ 4 ਕਾਊਂਟਰ ਲਾਏ ਹਨ, ਜਿਹੜੇ ਨਵੇਂ ਕਾਰਡ ਬਣਾ ਰਹੇ ਹਨ ਤੇ ਇਸ ਤੋਂ ਇਲਾਵਾ ਇਲਾਜ ਕਰਾਉਣ ਵਾਲੇ ਲੋਕਾਂ ਨੂੰ ਪੂਰਾ ਤਰੀਕਾ ਦੱਸਦੇ ਹਨ। ਕੰਪਨੀ ਨੇ ਲੁਧਿਆਣਾ ਦੇ ਵਾਰਡਾਂ ਮੁਤਾਬਕ ਕੁਲ 128 ਕਾਮਨ ਸਰਵਿਸ ਸੈਂਟਰ ਬਣਾਏ ਹਨ, ਜਿਨ੍ਹਾਂ ਕੋਲ ਗੋਲਡਨ ਕਾਰਡ ਬਣਾਉਣ ਲਈ ਆਈ ਡੀ ਹੈ। ਕੁਝ ਦਿਨ ਪਹਿਲਾਂ ਸਿਵਿਲ ਹਸਪਤਾਲ ਵਿੱਚ ਅੰਜੂ ਸਹਿਗਲ ਆਪਣੇ ਪਤੀ ਦੀ ਕਿਡਨੀ ਦੇ ਇਲਾਜ ਲਈ ਆਈ ਤਾਂ ਡਾਕਟਰਾਂ ਦੇ ਚੈੱਕਅਪ ਤੋਂ ਬਾਅਦ ਸਾਰੀ ਫਾਈਲ ਬਣ ਗਈ। ਜਦੋਂ ਕਲੇਮ ਲਈ ਆਯੂਸ਼ਮਾਨ ਕਾਰਡ ਸੈਂਟਰ ਉੱਤੇ ਗਏ ਤਾਂ ਪਤਾ ਲੱਗਾ ਕਿ ਕਾਰਡ ਮੈਂਬਰਾਂ ਦੀ ਮੈਚਿੰਗ ਨਹੀਂ ਹੋ ਰਹੀ। ਔਰਤ ਨੇ ਦੱਸਿਆ ਕਿ ਉਸ ਨੇ ਹੰਭੜਾਂ ਰੋਡ ਉੱਤੇ ਇਕ ਸੀ ਐੱਸ ਸੀ ਸੈਂਟਰ ਤੋਂ ਕਾਰਡ ਬਣਵਾਇਆ ਸੀ।

## ਵਿਦੇਸ਼ ਭੇਜਣ ਦੇ ਝਾਂਸੇ ਨਾਲ ਧੋਖਾਦੇਹੀ ਤੇ ਬਲਾਤਕਾਰ ਕਰਨ ਵਾਲੇ ਏਜੰਟ ਉੱਤੇ ਕੇਸ ਦਰਜ



ਭੋਗਪੁਰ, 10 ਫਰਵਰੀ (ਪੋਸਟ ਬਿਊਰੋ)- ਸਥਾਨਕ ਪੁਲਸ ਨੇ ਇੱਕ ਏਜੰਟ ਖਿਲਾਫ ਲੜਕੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਧੋਖਾਦੇਹੀ ਅਤੇ ਬਲਾਤਕਾਰ ਕਰਨ ਦਾ ਮਾਮਲਾ ਦਰਜ ਕੀਤਾ ਹੈ।

ਦਰਜ ਕੀਤੇ ਕੇਸ ਅਨੁਸਾਰ ਕਾਲਾ ਬੱਕਰਾ ਨੇੜਲੇ ਪਿੰਡ ਦੀ ਵਸਨੀਕ ਲੜਕੀ ਨੇ ਐੱਸ ਐੱਸ ਪੀ ਜਲੰਧਰ ਦਿਹਾਤੀ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਏਜੰਟ ਗੁਰਨਾਮ ਸਿੰਘ ਉਰਫ ਬਾਬਾ ਪੁੱਤਰ ਬਲਵੀਰ ਸਿੰਘ ਪਿੰਡ ਭਟਨੂਰਾ ਲੁਬਾਣਾ ਥਾਣਾ ਭੋਗਪੁਰ ਨੇ ਉਸ ਲੜਕੀ ਨੂੰ ਕੈਨੇਡਾ ਭੇਜਣ ਲਈ ਉਸ ਦਾ ਭੋਗਪੁਰ ਦੇ ਬੈਂਕ ਵਿੱਚ ਖਾਤਾ ਖੁੱਲ੍ਹਵਾਇਆ ਸੀ। ਇਸ ਬੈਂਕ ਖਾਤੇ ਲਈ ਬੈਂਕ ਵੱਲੋਂ ਜਾਰੀ ਕੀਤੀ ਚੈਕ ਬੁੱਕ ਗੁਰਨਾਮ ਸਿੰਘ ਨੇ ਲੜਕੀ ਤੋਂ ਦਸਤਖਤ ਕਰਾਉਣ ਤੋਂ ਬਾਅਦ ਆਪਣੇ ਕੋਲ ਰੱਖ ਲਈ। ਫਿਰ ਉਹ ਏਜੰਟ ਉਸ ਲੜਕੀ ਨੂੰ ਵਿਦੇਸ਼ ਲੈ ਗਿਆ, ਜਿੱਥੇ ਉਸ ਨੇ ਲੜਕੀ ਨਾਲ ਬਲਾਤਕਾਰ ਕੀਤਾ। ਏਜੰਟ ਚੈੱਕ ਬੁੱਕ ਦਾ ਡਰਾਵਾ ਦੇ ਕੇ ਧਮਕਾਉਂਦਾ ਰਿਹਾ ਤੇ ਜਦੋਂ ਲੜਕੀ ਨੇ ਏਜੰਟ ਦਾ ਵਿਰੋਧ ਕੀਤਾ ਤਾਂ ਏਜੰਟ ਨੇ ਲੜਕੀ ਦੇ ਬੈਂਕ ਖਾਤੇ ਦਾ ਦਸਖਤ ਕੀਤਾ ਹੋਇਆ ਚੈਕ ਆਪਣੇ ਕੁੜਮ ਹਰਜਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਠਾਨਕੋਟ ਨੂੰ ਦੇ ਦਿੱਤਾ। ਹਰਜਿੰਦਰ ਸਿੰਘ ਨੇ ਚੈਕ ਵਿੱਚ ਰਕਮ ਭਰ ਕੇ ਆਪਣੇ ਬੈਂਕ ਖਾਤੇ ਵਿੱਚ ਚੈਕ ਜਮ੍ਹਾ ਲਾ ਦਿੱਤਾ। ਜਦੋਂ ਚੈਕ ਫੇਲ੍ਹ ਹੋ ਕੇ ਵਾਪਸ ਆਇਆ ਤਾਂ ਹਰਜਿੰਦਰ ਸਿੰਘ ਨੇ ਲੜਕੀ ਦੇ ਖਿਲਾਫ ਅਦਾਲਤ ਵਿੱਚ ਕੇਸ ਕਰ ਦਿੱਤਾ। ਗੁਰਨਾਮ ਸਿੰਘ ਨੇ ਵੀ ਲੜਕੀ ਦੇ ਦੋ ਚੈੱਕ ਪਾਸ ਨਾ ਹੋਣ ਕਾਰਨ ਉਸ ਦੇ ਖਿਲਾਫ ਅਦਾਲਤ ਵਿੱਚ ਦੋ ਕੇਸ ਦਾਇਰ ਕੀਤੇ ਹਨ।

ਸ਼ਿਕਾਇਤ ਦੀ ਪੜਤਾਲ ਦੌਰਾਨ ਪੁਲਸ ਵੱਲੋਂ ਗੁਰਨਾਮ ਸਿੰਘ ਨੂੰ ਪ੍ਰਵਾਨੇ ਭੇਜੇ ਗਏ, ਪਰ ਉਹ ਜਾਂਚ ਟੀਮ ਅੱਗੇ ਪੇਸ਼ ਨਹੀਂ ਹੋਇਆ। ਉਸ ਨੇ ਲੜਕੀ ਵੱਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ ਦੇ ਕੇਸ ਵਿੱਚ ਗ੍ਰਿਫਤਾਰੀ ਤੋਂ ਬਚਣ ਲਈ ਜਲੰਧਰ ਦੀ ਇੱਕ ਅਦਾਲਤ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਲਾ ਦਿੱਤੀ। ਪੁਲਸ ਨੇ ਇਸ ਦੀ ਜਾਂਚ ਉਚ ਅਫਸਰਾਂ ਪਾਸੋਂ ਕਰਵਾਈ ਤਾਂ ਲੜਕੀ ਵੱਲੋਂ ਲਾਏ ਦੋਸ਼ ਸਹੀ ਪਾਏ ਗਏ ਅਤੇ ਪੁਲਸ ਵੱਲੋਂ ਡੀ ਏ ਲੀਗਲ ਦੀ ਰਾਏ ਲੈਣ ਤੋਂ ਬਾਅਦ ਏਜੰਟ ਗੁਰਨਾਮ ਸਿੰਘ ਖਿਲਾਫ ਧੋਖਾਦੇਹੀ ਅਤੇ ਬਲਾਤਕਾਰ ਦਾ ਮਾਮਲਾ ਦਰਜ ਕੀਤਾ ਗਿਆ ਹੈ।

## ਆਨਲਾਈਨ ਆਰਡਰ ਕੀਤੀ ਸੋਨੇ ਦੀ ਚੇਨ ਨਿਕਲੀ ਸੌਂਫ



ਜਲੰਧਰ, 10 ਫਰਵਰੀ (ਪੋਸਟ ਬਿਊਰੋ)- ਫਲਿਪਕਾਰਟ ਤੋਂ ਸੋਨੇ ਦੀ ਚੇਨ ਮੰਗਵਾਉਣ ਵਾਲੀ ਔਰਤ ਨਾਲ 74 ਹਜ਼ਾਰ ਰੁਪਏ ਦੀ ਧੋਖਾਧੜੀ ਦਾ ਕੇਸ ਸਾਹਮਣੇ ਆਇਆ ਹੈ। ਔਰਤ ਮੁਤਾਬਕ ਨਾ ਉਸ ਨੂੰ ਚੇਨ ਮਿਲੀ ਤੇ ਨਾ ਫਲਿਪਕਾਰਟ ਨੇ ਉਸ ਦੇ ਪੈਸੇ ਰਿਫੰਡ ਕੀਤੇ ਹਨ, ਸਗੋਂ ਖਰਾਬ ਹੋਣਾ ਪੈ ਰਿਹਾ ਹੈ।

ਠੱਗੀ ਦਾ ਸ਼ਿਕਾਰ ਹੋਈ ਅੰਬਰ ਸ਼ਰਮਾ ਉਰਫ ਅੰਬਰ ਜੋਸ਼ੀ ਨੇ ਫੇਸਬੁੱਕ 'ਤੇ ਬਣੇ ਨੋਟਿਸ ਬੋਰਡ-ਜਲੰਧਰ ਨਾਮੀ ਗਰੁੱਪ 'ਚ ਆਪਣੀ ਹੱਡਬੀਤੀ ਦੱਸਦੇ ਹੋਏ ਲਿਖਿਆ ਕਿ 14 ਜਨਵਰੀ ਨੂੰ ਉਸ ਨੇ ਫਲਿਪਕਾਰਟ 'ਤੇ ਇੱਕ ਸੋਨੇ ਦੀ ਚੇਨ ਦਾ ਆਰਡਰ ਦਿੱਤਾ ਸੀ, ਜਿਸ ਦੀ ਕੀਮਤ 74222 ਰੁਪਏ ਸੀ। ਆਨਲਾਈਨ ਪੇਮੈਂਟ ਤੋਂ ਬਾਅਦ ਉਸਨੂੰ ਮੈਸੇਜ ਆਇਆ ਕਿ ਇਹ ਡਿਲਿਵਰੀ ਉਸ ਦੇ ਪਤੇ ਉੱਤੇ 31 ਜਨਵਰੀ ਤੱਕ ਹੋ ਜਾਵੇਗੀ। 22 ਜਨਵਰੀ ਨੂੰ ਡਲਿਵਰੀ ਪਾਰਸਲ ਉਸ ਦੇ ਘਰ ਆਇਆ ਤਾਂ ਖੋਲ੍ਹਣ 'ਤੇ ਸੋਨੇ ਦੀ ਚੇਨ ਦੀ ਥਾਂ ਸਿਰਫ ਕੁਝ ਦਾਣੇ ਮਿੱਠੀ ਸੌਂਫ ਦੇ ਸਨ। ਇਸ ਉਤੇ ਉਨ੍ਹਾਂ ਨੇ ਤੁਰੰਤ ਆਰਡਰ ਰਿਟਰਨ ਕਰਦੇ ਹੋਏ ਫਲਿਪਕਾਰਟ 'ਤੇ ਸ਼ਿਕਾਇਤ ਪਾਈ। ਫਲਿਪਕਾਰਟ ਨੇ ਪਹਿਲੇ 72 ਘੰਟਿਆਂ ਵਿੱਚ ਮਾਮਲਾ ਹੱਲ ਕਰਨ ਬਾਰੇ ਕਿਹਾ। 72 ਘੰਟੇ ਪੂਰੇ ਹੋਣ 'ਤੇ ਉਨ੍ਹਾਂ ਨੇ ਫਿਰ ਫੋਨ ਕੀਤਾ ਤਾਂ ਫਲਿਪਕਾਰਟ ਨੇ ਉਨ੍ਹਾਂ ਨੂੰ ਤਿੰਨ ਫਰਵਰੀ ਤੱਕ ਸਮਾਂ ਦੇ ਦਿੱਤਾ। ਇਸ ਦੌਰਾਨ ਉਨ੍ਹਾਂ ਨੂੰ ਇੱਕ ਫਰਵਰੀ ਨੂੰ ਫਲਿਪਕਾਰਟ ਤੋਂ ਇੱਕ ਈ-ਮੇਲ ਆਈ, ਜਿਸ ਵਿੱਚ ਕਿਹਾ ਗਿਆ ਕਿ ਤੁਹਾਡਾ ਰਿਟਰਨ ਆਰਡਰ ਕੈਂਸਲ ਹੋ ਗਿਆ ਹੈ ਤੇ ਨਾਲ ਤੁਹਾਡਾ ਫਲਿਪਕਾਰਟ ਅਕਾਊਂਟ ਬੰਦ ਕਰ ਦਿੱਤਾ ਗਿਆ ਹੈ। ਅੰਬਰ ਨੇ ਕਿਹਾ ਕਿ ਇਸ ਤੋਂ ਬਾਅਦ ਉਨ੍ਹਾਂ ਦੁਬਾਰਾ ਫਲਿਪਕਾਰਟ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਇਹੀ ਭਰੋਸਾ ਦਿਵਾਇਆ ਕਿ ਤੁਸੀਂ ਟੈਂਸ਼ਨ ਨਾ ਲਓ, ਜਲਦੀ ਤੁਹਾਡੇ ਆਰਡਰ ਦੇ ਪੈਸੇ ਰਿਫੰਡ ਹੋ ਜਾਣਗੇ, ਪਰ ਇਸ ਤੋਂ ਬਾਅਦ ਕਹਿ ਦਿੱਤਾ ਗਿਆ ਕਿ ਨਾ ਤੁਹਾਡੇ ਪੈਸੇ ਰਿਫੰਡ ਹੋਣਗੇ ਤੇ ਨਾ ਆਰਡਰ ਦੁਬਾਰਾ ਭੇਜਿਆ ਜਾਵੇਗਾ।

## ਜ਼ਮੀਨੀ ਵਿਵਾਦ 'ਚ ਗੋਲੀਆਂ ਚੱਲੀਆਂ ਪੰਜ ਜ਼ਖ਼ਮੀ



ਪੱਟੀ, 10 ਫਰਵਰੀ (ਪੋਸਟ ਬਿਊਰੋ)- ਜ਼ਮੀਨੀ ਵਿਵਾਦ ਦੇ ਕਾਰਨ ਪੱਟੀ ਨੇੜਲੇ ਪਿੰਡ ਜੋੜ ਸਿੰਘ ਵਾਲਾ ਵਿੱਚ ਕੱਲ੍ਹ ਇੱਕ ਧਿਰ ਨੇ ਦੂਜੀ ਧਿਰ ਦੀ ਕਣਕ ਦੀ ਫਸਲ ਵਾਹ ਦਿੱਤੀ ਤੇ ਗੋਲੀਆਂ ਚਲਾ ਕੇ ਔਰਤ ਸਮੇਤ ਪੰਜ ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀਆਂ ਵਿੱਚ ਪਰਵਾਰ ਦੇ ਮੁੱਖੀ ਦਾਰਾ ਸਿੰਘ, ਉਸਦੇ ਦੋ ਪੁੱਤਰ ਸੁਖਰਾਜ ਸਿੰਘ ਅਤੇ ਸੁਖਚੈਨ ਸਿੰਘ, ਨੂੰਹ ਰਾਜਵਿੰਦਰ ਕੌਰ ਤੇ ਭਰਾ ਸੰਤੋਖ ਸਿੰਘ ਸ਼ਾਮਲ ਹਨ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਚੱਲੇ ਹਥਿਆਰਾਂ ਦੇ ਖਾਲੀ ਕਾਰਤੂਸ ਤੇ 12 ਬੋਰ ਰਾਈਫਲ ਦੀ ਫੱਟੀ ਬਰਾਮਦ ਕੀਤੀ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ। ਦਾਰਾ ਸਿੰਘ ਤੇ ਸੰਤੋਖ ਸਿੰਘ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਅੰਮ੍ਰਿਤਸਰ ਭੇਜਿਆ ਗਿਆ ਹੈ।

ਜ਼ਖ਼ਮੀ ਹੋਏ ਸੁਖਚੈਨ ਸਿੰਘ ਨੇ ਇਸ ਬਾਰੇ ਦੱਸਿਆ ਕਿ ਕਰੀਬ 50 ਸਾਲ ਪਹਿਲਾਂ ਉਨ੍ਹਾਂ ਦੇ ਪਰਵਾਰ ਨੇ ਆਪਣੇ ਪਿੰਡ ਦੇ ਸੁਖਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਦੇ ਤਾਏ ਤੋਂ ਇੱਕ ਏਕੜ ਜ਼ਮੀਨ ਖਰੀਦੀ ਸੀ, ਜਿਸ 'ਤੇ ਸੁਖਵਿੰਦਰ ਸਿੰਘ ਦੀ ਧਿਰ ਆਪਣਾ ਹੱਕ ਜਤਾਉਂਦੀ ਸੀ। ਸੁਖਚੈਨ ਸਿੰਘ ਨੇ ਦੱਸਿਆ ਕਿ ਕੱਲ੍ਹ ਕਰੀਬ ਇੱਕ ਵਜੇ ਸੁਖਵਿੰਦਰ ਸਿੰਘ ਆਪਣੇ ਦੋ ਲੜਕਿਆਂ ਸਮੇਤ 15-20 ਅਣਪਛਾਤੇ ਵਿਅਕਤੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੀ ਕਣਕ ਦੀ ਫ਼ਸਲ ਵਾਹੁਣ ਲੱਗ ਪਿਆ। ਇਸ ਮੌਕੇ ਸੁਖਵਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਆਪਣੀ ਜ਼ਮੀਨ 'ਤੇ ਕੰਮ ਕਰ ਰਹੇ ਉਸ ਦੇ ਪਿਤਾ, ਭਰਾ ਤੇ ਚਾਚਾ ਸੰਤੋਖ ਸਿੰਘ 'ਤੇ ਗੋਲੀਆਂ ਚਲਾ ਦਿੱਤੀਆਂ। ਸੁਖਚੈਨ ਸਿੰਘ ਨੇ ਦੱਸਿਆ ਕਿ ਜਦੋਂ ਉਹ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਉਨ੍ਹਾਂ ਨੂੰ ਬਚਾਉਣ ਗਏ ਤਾਂ ਵਿਰੋਧੀਆਂ ਨੇ ਉਨ੍ਹਾਂ 'ਤੇ ਵੀ ਗੋਲੀਆਂ ਚਲਾ ਕੇ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਪਹਿਲਾਂ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ, ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ ਤੇ ਇਹ ਘਟਨਾ ਵਾਪਰ ਗਈ।

## ਪਲਾਟ ਦੀਆਂ ਨੀਂਹਾਂ ਪੁੱਟਦੇ ਸਮੇਂ ਬੰਬ ਅਤੇ ਗ੍ਰਨੇਡ ਬਰਾਮਦ

ਲੁਧਿਆਣਾ, 10 ਫਰਵਰੀ (ਪੋਸਟ ਬਿਊਰੋ)- ਸਥਾਨਕ ਗਿੱਲ ਪਿੰਡ ਨੇੜੇ ਜਾਂਦੀ ਰਿੰਗ ਰੋਡ 'ਤੇ ਕੱਲ੍ਹ ਸ਼ਾਮ ਪਲਾਟ ਦੀਆਂ ਨੀਹਾਂ ਪੁਟਦੇ ਸਮੇਂ ਉਥੋਂ ਭਾਰੀ ਗਿਣਤੀ ਵਿੱਚ ਬੰਬ ਅਤੇ ਗ੍ਰਨੇਡ ਮਿਲਣ ਦੀ ਖਬਰ ਆਈ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਗਿੱਲ ਨੇੜੇ ਰਹਿੰਦੀ ਔਰਤ ਗੁਰਮੀਤ ਕੌਰ ਨੇ ਕੁਝ ਸਮਾਂ ਪਹਿਲਾਂ ਰਿੰਗ ਰੋਡ ਨੇੜੇ ਇੱਕ ਕਲੋਨੀ 'ਚ ਪਲਾਟ ਖਰੀਦਿਆ ਅਤੇ ਉਸ ਨੇ ਕੱਲ੍ਹ ਉਸ ਦੀ ਉਸਾਰੀ ਸ਼ੁਰੂ ਕੀਤੀ ਸੀ। ਮਜ਼ਦੂਰਾਂ ਨੇ ਕੱਲ੍ਹ ਜਦੋਂ ਮਕਾਨ ਦੀ ਉਸਾਰੀ ਸ਼ੁਰੂ ਕਰਨ ਸਮੇਂ ਨੀਂਹਾਂ ਪੁੱਟੀਆਂ ਤਾਂ ਉਥੋਂ ਬੰਬ ਅਤੇ ਹੈਂਡ ਗ੍ਰਨੇਡ ਮਿਲਣੇ ਸ਼ੁਰੂ ਹੋ ਗਏ। ਚੌਕੀ ਇੰਚਾਰਜ ਅਸ਼ਵਨੀ ਕੁਮਾਰ ਮੌਕੇ 'ਤੇ ਪਹੁੰਚੇ ਅਤੇ ਪੁਲਸ ਨੇ ਬੰਬ ਕਬਜ਼ੇ 'ਚ ਲੈ ਲਏ ਹਨ। ਜਾਂਚ ਅਧਿਕਾਰੀ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇਹ ਬੰਬ ਤੇ ਹੈਂਡ ਗਰਨੇਡ ਕਾਫ਼ੀ ਪੁਰਾਣੇ ਲੱਗਦੇ ਹਨ ਅਤੇ ਇਨ੍ਹਾਂ 'ਚ ਕੋਈ ਤਾਕਤ ਨਹੀਂ। ਬਰਾਮਦ ਕੀਤੇ ਗਏ ਬੰਬ ਅਤੇ ਹੈਂਡ ਗ੍ਰਨੇਡਾਂ ਦੀ ਗਿਣਤੀ 20 ਦੇ ਕਰੀਬ ਹੈ।

## ਧੁੰਦ ਵਿੱਚ ਬਸ ਤੇ ਕਾਰ ਦੀ ਟੱਕਰ ਕਾਰਨ ਡਾਕਟਰ ਦੀ ਮੌਤ

ਸਮਾਣਾ, 10 ਫਰਵਰੀ (ਪੋਸਟ ਬਿਊਰੋ)- ਕੱਲ੍ਹ ਸਵੇਰੇ ਧੁੰਦ ਕਾਰਨ ਸਮਾਣਾ-ਪਾਤੜਾਂ ਸੜਕ 'ਤੇ ਪਿੰਡ ਰੇਤਗੜ੍ਹ ਨਜ਼ਦੀਕ ਪੀ ਆਰ ਟੀ ਸੀ ਦੀ ਬਸ ਅਤੇ ਆਈ ਟਵੰਟੀ ਕਾਰ ਦੀ ਆਹਮੋ-ਸਾਹਮਣੇ ਟੱਕਰ ਵਿੱਚ ਡਾਕਟਰ ਦੀ ਮੌਤ ਹੋ ਗਈ, ਜਦ ਕਿ ਇਸ ਦੌਰਾਨ ਬਸ ਦੇ ਪਿੱਛੋਂ ਆਏ ਇੱਕ ਟਰਾਲੇ ਵੱਲੋਂ ਟੱਕਰ ਮਾਰਨ ਨਾਲ ਬਸ ਵਿੱਚ ਸਵਾਰ ਦੋ ਔਰਤਾਂ ਜ਼ਖ਼ਮੀ ਹੋ ਗਈਆਂ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਵਿੱਚ ਦਾਖਿਲ ਕੀਤਾ ਗਿਆ।

ਇਸ ਦੁਰਘਟਨਾ ਵਿੱਚ ਮਾਰੇ ਗਏ ਡਾ. ਰੋਹਿਤ ਗਰਗ ਦੇ ਪਰਵਾਰ ਨੇ ਦੱਸਿਆ ਕਿ ਡਾ. ਰੋਹਿਤ ਗਰਗ (25) ਪੁੱਤਰ ਵਿਜੈ ਕੁਮਾਰ ਵਾਸੀ ਘੱਗਾ ਸਵੇਰੇ ਰਾਜਿੰ-ਦਰਾ ਹਸਪਤਾਲ ਪਟਿਆਲਾ ਵਿੱਚ ਆਪਣੀ ਡਿਊਟੀ 'ਤੇ ਜਾਣ ਲਈ ਘਰ ਤੋਂ ਆਪਣੀ ਕਾਰ ਵਿੱਚ ਨਿਕਲਿਆ ਸੀ, ਪਰ ਪਿੰਡ ਰੇਤਗੜ੍ਹ ਨੇੜੇ ਪਹੁੰਚਣ 'ਤੇ ਉਸ ਦੀ ਕਾਰ ਨੂੰ ਸਾਹਮਣੇ ਤੋਂ ਆਈ ਪੀ ਆਰ ਟੀ ਸੀ ਦੀ ਬਸ ਨੇ ਟੱਕਰ ਮਾਰ ਦਿੱਤੀ। ਇਸ ਦੁਰਘਟਨਾ ਵਿੱਚ ਡਾਕਟਰ ਰੋਹਿਤ ਗਰਗ ਦੀ ਮੌਕੇ 'ਤੇ ਮੌਤ ਹੋ ਗਈ। ਦੁਘਰਟਨਾ ਪਿੱਛੋਂ ਬਸ ਨੂੰ ਟਰਾਲੇ ਦੀ ਟੱਕਰ ਨਾਲ ਬੱਸ ਵਿੱਚ ਸਵਾਰ ਸੁਨੀਤਾ ਰਾਣੀ (32) ਅਤੇ ਉਸ ਦੀ ਸੱਸ ਸ਼ਕੁੰਤਲਾ ਦੇਵੀ ਵਾਸੀ ਮਲਕਾਣਾ, ਸਮਾਣਾ ਵੀ ਗੰਭੀਰ ਜ਼ਖ਼ਮੀ ਹੋ ਗਈਆਂ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਵਿੱਚ ਦਾਖਿਲ ਕਰਵਾਇਆ ਗਿਆ। ਇਸ ਸੰਬੰਧ ਵਿੱਚ ਸਿਟੀ ਪੁਲਸ ਦੇ ਜਾਂਚ ਅਧਿਕਾਰੀ ਏ ਐਸ ਆਈ ਅੰਗ੍ਰੇਜ਼ ਸਿੰਘ ਨੇ ਦੱਸਿਆ ਕਿ ਦੁਰਘਟਨਾ ਪਿੱਛੋਂ ਬਸ ਚਾਲਕ ਫਰਾਰ ਹੋ ਗਿਆ। ਪੁਲਸ ਨੇ ਦੁਰਘਟਨਾ ਗ੍ਰਸਤ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਬਸ ਚਾਲਕ ਦੇ ਖ਼ਿਲਾਫ਼ ਕੇਸ ਦਰਜ ਕਰ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
& lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



## ਭਾਰਤ ਵਿੱਚ ਆਨਲਾਈਨ ਨਸ਼ੀਲੇ ਪਦਾਰਥਾਂ ਦੀ ਸੇਲ ਵਾਲਾ ਪਹਿਲਾ ਡੀਲਰ ਕੀਤਾ ਗ੍ਰਿਫਤਾਰ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਨੇ ਦੱਸਿਆ ਹੈ ਕਿ ਉਸ ਨੇ ਡਾਰਕਨੈੱਟ ਦੇ ਰਾਹੀਂ ਨਸ਼ੀਲੇ ਪਦਾਰਥਾਂ ਦੀ ਵਿਕਰੀ ਕਰ ਰਹੇ ਦੇਸ਼ ਦੇ ਪਹਿਲੇ ਤਸਕਰ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਨੇ ਯੌਨ ਸ਼ਕਤੀ ਵਰਧਕ ਦਵਾਈਆਂ ਦੇ ਨਾਂਅ 'ਤੇ ਨਸ਼ੀਲੇ ਪਦਾਰਥਾਂ ਦੇ ਸੈਂਕੜੇ ਪਾਰਸਲ ਵਿਦੇਸ਼ ਭੇਜੇ ਹਨ।

ਇੱਕ ਅਧਿਕਾਰੀ ਨੇ ਦੱਸਿਆ ਕਿ 21 ਸਾਲਾ ਦੀਪੂ ਸਿੰਘ ਸਾਬਕਾ ਫੌਜੀ ਅਫਸਰ ਦਾ ਬੇਟਾ ਹੈ ਤੇ ਉਸ ਨੂੰ ਐੱਨ ਸੀ ਬੀ ਦੀ ਦਿੱਲੀ ਖੇਤਰੀ ਇਕਾਈ ਦੀ ਸੂਚਨਾ ਉਤੇ ਲਖਨਊ ਤੋਂ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਡਾਰਕਨੈਟ ਇੰਟਰਨੈੱਟ ਦਾ ਉਹ ਹਿੱਸਾ ਹੈ, ਜੋ ਛੁਪਿਆ ਹੋਇਆ ਹੁੰਦਾ ਹੈ ਅਤੇ ਆਮ ਲੋਕ ਉਸ ਤੱਕ ਨਹੀਂ ਪਹੁੰਚ ਸਕਦੇ। ਇਸੇ ਨਾਲ ਨਸ਼ੀਲੇ ਪਦਾਰਥਾਂ, ਪੋਰਨ ਵੀਡੀਓ ਅਤੇ ਹੋਰ ਗੈਰ ਕਾਨੂੰਨੀ ਗਤੀਵਿਧੀਆਂ ਦਾ ਕੰਮ ਹੁੰਦਾ ਹੈ। ਇਨਫੋਰਸਮੈਂਟ ਏਜੰਸੀਆਂ ਦੀ ਨਿਗਰਾਨੀ ਤੋਂ ਬਚਣ ਲਈ ਇਨ੍ਹਾਂ ਵਿੱਚ ਕੋਡ ਵਿੱਚ ਸੰਦੇਸ਼ਾਂ ਦੀ ਵਰਤੋਂ ਹੁੰਦੀ ਹੈ ਜਿਨ੍ਹਾਂ ਦਾ ਪਤਾ ਲਗਾਉਣਾ ਮੁਸ਼ਕਲ ਹੁੰਦਾ ਹੈ। ਐੱਨ ਸੀ ਬੀ ਦੇ ਡੀ ਆਈ ਜੀ (ਆਪਰੇਸ਼ਨ) ਰਾਜੇਸ਼ ਨੰਦਨ ਸ੍ਰੀਵਾਸਤਵ ਦੇ ਮੁਤਾਬਕ ਦੀਪੂ ਸਿੰਘ ਡਾਰਕਨੈੱਟ ਦਾ ਵੱਡਾ ਖਿਡਾਰੀ ਸੀ। ਇੰਪਾਇਰ ਮਾਰਕੀਟ ਅਤੇ ਮਜੈਸਟਿਕ ਗਾਰਡਨ ਵਰਗੇ ਡਾਰਕਨੈਟ ਬਾਜ਼ਾਰ ਵਿੱਚ ਉਹ ਵੱਡਾ ਅਤੇ ਭਰੋਸੇ ਯੋਗ ਮੰਨਿਆ ਜਾਂਦਾ ਸੀ। ਐੱਨ ਸੀ ਬੀ ਦੇ ਮੁਤਾਬਕ ਦੀਪੂ ਸਿੰਘ ਦੇ ਆਲਮ ਬਾਗ ਇਲਾਕੇ ਵਾਲੇ ਘਰ ਤੋਂ ਨਸ਼ੇ ਦੀਆਂ 12,000 ਗੋਲੀਆਂ ਜ਼ਬਤ ਕੀਤੀਆਂ ਗਈਆਂ ਹਨ।

# ਦਿੱਲੀ ਦੇ ਕਾਲਜ ਵਿੱਚ ਵੜ ਕੇ ਵਿਦਿਆਰਥਣਾਂ ਨਾਲ ਛੇੜਛਾੜ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਦਿੱਲੀ ਯੂਨੀਵਰਸਿਟੀ ਦੇ ਪ੍ਰਸਿੱਧ ਗਾਰਗੀ ਗਰਲਜ਼ ਕਾਲਜ ਦੇ ਸਾਲਾਨਾ ਉਤਸਵ ਵਿੱਚ ਵਿਦਿਆਰਥਣਾਂ ਨਾਲ ਛੇੜਛਾੜ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਸੰਬੰਧ ਵਿੱਚ ਵਿਦਿਆਰਥਣਾਂ ਦਾ ਦੋਸ਼ ਹੈ ਕਿ ਪ੍ਰੋਗਰਾਮ ਦੌਰਾਨ ਭੀੜ ਵਿਚਕਾਰ ਉਨ੍ਹਾਂ ਨਾਲ ਛੇੜਛਾੜ ਕੀਤੀ ਗਈ ਹੈ। ਇੰਨੀ ਵੱਡੀ ਘਟਨਾ ਬਾਰੇ ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਉਸ ਨੂੰ ਸ਼ਿਕਾਇਤ ਨਹੀਂ ਮਿਲੀ ਤਾਂ ਪ੍ਰਿੰਸੀਪਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਘਟਨਾ ਦਾ ਪਤਾ ਹੀ ਨਹੀਂ। ਐੱਮ ਏ ਪੋਲਿਟੀਕਲ ਸਾਇੰਸ ਦੇ ਦੂਸਰੇ ਸਾਲ ਦੀਆਂ ਵਿਦਿਆਰਥਣਾਂ ਨੇ ਦੱਸਿਆ ਕਿ 6 ਫਰਵਰੀ ਨੂੰ ਉਹ ਉਤਸਵ ਵਿੱਚ ਸ਼ਾਮਲ ਹੋਣ ਲਈ ਕਾਲਜ ਗਈਆਂ ਤਾਂ ਓਥੇ ਕਾਫ਼ੀ ਭੀੜ ਸੀ। ਇਸ ਭੀੜ ਵਿੱਚ ਉਨ੍ਹਾਂ ਦੀਆਂ ਸਹੇਲੀਆਂ ਜਦੋਂ ਦੂਰ ਹੋ ਗਈਆਂ ਤਾਂ ਕਿਸੇ ਅਣਜਾਣ ਵਿਅਕਤੀ ਨੇ ਉਨ੍ਹਾਂ ਨੂੰ ਪਿੱਛੋਂ ਫੜ ਲਿਆ। ਉਹ ਕਿਸੇ ਤਰ੍ਹਾਂ ਬਚ ਕੇ ਖੁੱਲ੍ਹੀ ਥਾਂ ਨੂੰ ਭੱਜੀਆਂ ਤਾਂ ਦੇਖਿਆ ਕਿ ਕਰੀਬ 35 ਸਾਲਾ ਵਿਅਕਤੀ ਉਨ੍ਹਾਂ ਨੂੰ ਦੇਖ ਕੇ ਅਸ਼ਲੀਲ ਹਰਕਤਾਂ ਕਰ ਰਿਹਾ ਹੈ। ਕਾਲਜ ਦੀਆਂ ਕੁਝ ਹੋਰ ਵਿਦਿਆਰਥਣਾਂ ਨੇ ਵੀ ਦੱਸਿਆ ਕਿ



*ਗਾਰਗੀ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਦਿੱਲੀ ਪੁਲਸ ਖਿਲਾਫ ਪ੍ਰਦਰਸ਼ਨ ਕਰਦੀਆਂ ਹੋਈਆਂ।*

ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਬਾਹਰੀ ਲੋਕ ਪਹੁੰਚ ਗਏ ਸਨ, ਪਰ ਕੋਈ ਸੁਰੱਖਿਆ ਵਿਵਸਥਾ ਨਹੀਂ ਸੀ। ਕਾਲਜ ਦੀ ਪ੍ਰਿੰਸੀਪਲ ਪ੍ਰੋਮਿਲਾ ਕੁਮਾਰ ਨੇ ਕਿਹਾ ਕਿ ਇਸ ਮੌਕੇ ਸੁਰੱਖਿਆ ਲਈ ਪੁਲਿਸ, ਬਾਊਂਸਰ ਅਤੇ ਕਮਾਂਡੋ ਦੀਆਂ ਸੇਵਾਵਾਂ ਲਈਆਂ ਗਈਆਂ ਸਨ। ਕਿਸੇ ਵਿਦਿਆਰਥਣ ਜਾਂ ਗਰੁੱਪ ਨੇ ਉਨ੍ਹਾਂ ਨੂੰ ਇਸ ਦੀ ਸ਼ਿਕਾਇਤ ਨਹੀਂ ਕੀਤੀ ਤੇ ਉਨ੍ਹਾਂ ਨੂੰ ਅਜਿਹੀ ਕਿਸੇ ਘਟਨਾ ਦੀ ਜਾਣਕਾਰੀ ਨਹੀਂ। ਵਿਦਿਆਰਥਣਾਂ ਦਾ ਕਹਿਣਾ ਹੈ ਕਿ ਕਾਲਜ ਵਿੱਚ ਪ੍ਰੋਗਰਾਮ ਦੌਰਾਨ ਅਜਿਹੇ ਬਾਹਰੀ ਵਿਦਿਆਰਥੀ ਤੇ ਨੌਜਵਾਨ ਆ ਵੜੇ, ਜਿਨ੍ਹਾਂ ਕੋਲ ਪਾਸ ਨਹੀਂ ਸਨ ਤੇ ਨਾ ਉਨ੍ਹਾਂ ਕਾਲਜ ਵਿੱਚ ਆਉਣ ਦੀ ਇਜਾਜ਼ਤ ਸੀ। ਕੁਝ ਵਿਦਿਆਰਥਣਾਂ ਦਾ ਕਹਿਣਾ ਹੈ ਕਿ ਗ਼ਲਤ ਢੰਗ ਨਾਲ ਕਾਲਜ ਵਿੱਚ ਆਏ ਵਿਦਿਆਰਥੀ ਸ਼ਰੇਆਮ ਡਰੱਗ ਲੈ ਰਹੇ ਸਨ। ਸੈਂਕੜਿਆਂ ਦੀ ਗਿਣਤੀ ਵਿੱਚ ਬਾਹਰੀ ਵਿਦਿਆਰਥੀ ਕਾਲਜ ਵਿੱਚ ਆਏ, ਪਰ ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰੋਕਣਾਂ ਤਾਂ ਦੂਰ, ਟੋਕਣ ਤਕ ਦੀ ਕੋਸ਼ਿਸ਼ ਨਹੀਂ ਕੀਤੀ।

## ਨੇਵੀ ਸਕੂਲ ਦੀ 12 ਸਾਲਾ ਵਿਦਿਆਰਥਣ ਨੇ ਦੱਖਣੀ ਅਮਰੀਕਾ ਦੀ ਸਭ ਤੋਂ ਉਚੀ ਚੋਟੀ ਸਰ ਕੀਤੀ



ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਮੁੰਬਈ ਦੀ ਇੱਕ 12 ਸਾਲਾਂ ਕੁੜੀ ਨੇ ਇਤਿਹਾਸਕ ਕਾਰਜ ਕਰ ਦਿੱਤਾ ਹੈ। ਸੱਤਵੀਂ ਜਮਾਤ ਦੀ ਵਿਦਿਆਰਥਣ ਕਾਮਿਆ ਕਾਰਤੀਕੇਯਨ ਨੇ ਸਭ ਤੋਂ ਘੱਟ ਉਮਰ 'ਚ ਦੱਖਣੀ ਅਮਰੀਕਾ ਦੀ ਸਭ ਤੋਂ ਉਚੀ ਚੋਟੀ ਮਾਊਂਟ ਅਕੋਂਕਾਗੂਆ ਨੂੰ ਫ਼ਤਹਿ ਕਰ ਕੇ ਰਿਕਾਰਡ ਬਣਾ ਦਿੱਤਾ ਹੈ।

ਪਤਾ ਲੱਗਾ ਹੈ ਕਿ ਕਾਮਿਆ ਨੇ 6962 ਮੀਟਰ ਉਚੀ ਇਹ ਚੋਟੀ ਇੱਕ ਫਰਵਰੀ ਨੂੰ ਫ਼ਤਹਿ ਕੀਤੀ ਸੀ। ਕਾਮਿਆ ਮੁੰਬਈ ਦੇ ਨੇਵੀ ਚਿਲਡਰਨ ਸਕੂਲ ਵਿੱਚ ਪੜ੍ਹਦੀ ਹੈ। ਭਾਰਤੀ ਸਮੁੰਦਰੀ ਫੌਜ ਨੇ ਉਸ ਦੇ ਇਸ ਰਿਕਾਰਡ ਬਾਰੇ ਦੱਸਿਆ ਕਿ ਮਾਊਂਟ ਅਕੋਂਕਾਗੂਆ ਸਿਰਫ ਦੱਖਣੀ ਅਮਰੀਕਾ ਹੀ ਨਹੀਂ, ਏਸ਼ੀਆ ਦੇ ਬਾਹਰ ਦੀ ਸਭ ਤੋਂ ਉਚੀ ਚੋਟੀ ਹੈ। ਮਾਊਂਟ ਅਕੋਂਕਾਗੂਆ ਅਰਜਨਟੀਨਾ ਦੇ ਐਂਡੀਜ ਪਹਾੜਾਂ ਦੀ ਲੜੀ ਵਿੱਚ ਹੈ। ਕਾਮਿਆ ਨੇ ਫ਼ਤਹਿ ਤੋਂ ਬਾਅਦ ਚੋਟੀ 'ਤੇ ਭਾਰਤ ਦਾ ਤਿਰੰਗਾ ਲਹਿਰਾਇਆ। ਇਸ ਤੋਂ ਪਹਿਲਾਂ ਕਾਮਿਆ 24 ਅਗਸਤ 2019 ਨੂੰ ਲੱਦਾਖ਼ ਦੀ 6260 ਮੀਟਰ ਉਚੀ ਮਾਊਂਟ ਮੇਂਟਾਕ ਕਾਂਗੜੀ ਦੋ ਉਤੇ ਵੀ ਫ਼ਤਹਿ ਹਾਸਲ ਕਰ ਚੁੱਕੀ ਹੈ। ਕਾਮਿਆ ਦੇ ਪਿਤਾ ਐਸ ਕਾਰਤੀਕੇਯਨ ਭਾਰਤੀ ਜਲ ਸੈਨਾ 'ਚ ਕਮਾਂਡਰ ਹਨ। ਕਾਮਿਆ ਤਿੰਨ ਸਾਲ ਦੀ ਉਮਰ ਤੋਂ ਪਹਾੜਾਂ 'ਤੇ ਚੜ੍ਹਨ ਦੀ ਸਿਖਲਾਈ ਲੈ ਰਹੀ ਹੈ। ਉਹ ਅਫ਼ਰੀਕਾ ਦੀ ਸਭ ਤੋਂ ਉਚੀ ਛੋਟੀ ਮਾਊਂਟ ਕਿਲਿਮੰਜਾਰੋ (5895 ਮੀਟਰ), ਯੂਰਪ ਦੀ ਸਭ ਤੋਂ ਉਚੀ ਚੋਟੀ ਮਾਊਂਟ ਐਲਬ੍ਰਸ (5642 ਮੀਟਰ) ਅਤੇ ਆਸਟ੍ਰੇਲੀਆ ਦੀ ਸਭ ਤੋਂ ਉਚੀ ਚੋਟੀ ਮਾਊਂਟ ਕੋਸਸੀਉਸਕੋ (2228 ਮੀਟਰ) 'ਤੇ ਚੜ੍ਹਨ ਦਾ ਇਤਿਹਾਸ ਰਚ ਚੁੱਕੀ ਹੈ। ਸਾਲ 2021 ਤੱਕ ਕਾਮਿਆ ਦਾ ਟੀਚਾ 'ਐਕਸਪਲੋਰਸ ਗੈਂਡ ਸਲੈਮ' 'ਚ ਹਿੱਸਾ ਲੈਣ ਦਾ ਹੈ।

## ਪਾਕਿ ਫੌਜ ਨੇ ਬਾਲਾਕੋਟ ਸੈਕਟਰ ਵਿੱਚ ਫਿਰ ਗੋਲੇ ਦਾਗੇ

*** ਦਿਗਵਾਰ ਸੈਕਟਰ ਵਿੱਚ ਗੋਲੀਬਾਰੀ ਵਿੱਚ ਇੱਕ ਜਵਾਨ ਦੀ ਮੌਤ**



ਪੁਣਛ, 10 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਨੇ ਕੱਲ੍ਹ ਫਿਰ ਜੰਗਬੰਦੀ ਦੀ ਉਲੰਘਣਾ ਕਰਦੇ ਹੋਏ ਪੁਣਛ ਜ਼ਿਲੇ ਦੀ ਮੇਂਢਰ ਤਹਿਸੀਲ ਦੇ ਬਾਲਾਕੋਟ ਸੈਕਟਰ ਵਿੱਚ ਭਾਰੀ ਗੋਲਾਬਾਰੀ ਕੀਤੀ।

ਪਤਾ ਲੱਗਾ ਹੈ ਕਿ ਪਾਕਿਸਤਾਨੀ ਫੌਜ ਨੇ ਕੱਲ੍ਹ ਦੁਪਹਿਰ ਬਿਨਾਂ ਕੋਈ ਕਾਰਨ ਗੋਲਾਬਾਰੀ ਕਰਦੇ ਹੋਏ ਭਾਰਤੀ ਫੌਜ ਦੀਆਂ ਅਗਲੀਆਂ ਚੌਕੀਆਂ 'ਤੇ ਗੋਲੇ ਵਰ੍ਹਾਏ, ਜਿਸ ਦਾ ਭਾਰਤੀ ਫੌਜ ਨੇ ਮੂੰਹ ਤੋੜ ਜਵਾਬ ਦਿੱਤਾ। ਇਸ ਦੇ ਕੁਝ ਦੇਰ ਪਿੱਛੋਂ ਪਾਕਿਸਤਾਨੀ ਫੌਜ ਨੇ ਰਿਹਾਇਸ਼ੀ ਖੇਤਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਗੋਲੇ ਦਾਗੇ ਤਾਂ ਪੂਰੇ ਇਲਾਕੇ ਵਿੱਚ ਦਹਿਸ਼ਤ ਅਤੇ ਤਣਾਅ ਦਾ ਮਾਹੌਲ ਬਣ ਗਿਆ। ਦੇਰ ਰਾਤ ਪੁਣਛ ਜ਼ਿਲੇ ਦੇ ਦਿਗਵਾਰ ਸੈਕਟਰ ਵਿੱਚ ਪਾਕਿਸਤਾਨੀ ਗੋਲਾਬਾਰੀ ਵਿੱਚ ਭਾਰਤੀ ਫੌਜ ਦੀ ਪੰਜ ਰਾਜਪੂਤ ਰੈਜੀਮੈਂਟ ਦੇ ਤਿੰਨ ਜਵਾਨ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਜਵਾਨ ਨਾਇਕ ਰਾਜੀਵ ਸਿੰਘ ਸ਼ੇਖਾਵਤ ਵਾਸੀ ਜੈਪੁਰ ਜ਼ਖਮਾਂ ਦੀ ਤਾਬ ਨਾ ਸਹਿੰਦੇ ਹੋਏ ਪ੍ਰਾਣ ਤਿਆਗ ਗਿਆ।

## ਨਾਜਾਇਜ਼ ਸੰਬੰਧਾਂ ਦੇ ਸ਼ੱਕ ਵਿੱਚ ਪਤੀ ਨੇ ਭਾਜਪਾ ਨੇਤਰੀ ਨੂੰ ਗੋਲੀ ਮਾਰ ਕੇ ਮਾਰਿਆ

ਗੁਰੂ ਗ੍ਰਾਮ, 10 ਫਰਵਰੀ (ਪੋਸਟ ਬਿਊਰੋ)- ਗੁੜਗਾਓਂ ਦੀ ਇੱਕ ਭਾਜਪਾ ਨੇਤਾ ਦੀ ਉਸ ਦੇ ਪਤੀ ਨੇ ਨਾਜਾਇਜ਼ ਸੰਬੰਧਾਂ ਦੇ ਸ਼ੱਕ ਕਾਰਨ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਜਪਾ ਦੀ ਰਾਸ਼ਟਰੀ ਕਿਸਾਨ ਮਹਿਲਾ ਕਮੇਟੀ ਦੀ ਮੈਂਬਰ ਮੁਨੇਸ਼ ਗੋਦਾਰਾ ਤੇ ਉਸ ਦਾ ਪਤੀ ਸੁਨੀਲ ਗੋਦਾਰਾ ਇਥੇ ਸੈਕਟਰ 93 ਦੀ ਸਪੇਸ ਸੋਸਾਇਟੀ ਵਿੱਚ ਰਹਿੰਦੇ ਸਨ। ਮੁਨੇਸ਼ ਗੋਦਾਰਾ ਦੇ ਕਾਦੀਪੁਰ ਵਿੱਚ ਰਹਿੰਦੇ ਇੱਕ ਵਿਅਕਤੀ ਨਾਲ ਨਾਜਾਇਜ਼ ਸੰਬੰਧ ਸਨ। ਇਸੇ ਬਾਰੇ ਮੁਨੇਸ਼ ਗੋਦਾਰਾ ਅਤੇ ਉਸ ਦੇ ਪਤੀ ਸੁਨੀਲ ਗੋਦਾਰਾ ਦਾ ਝਗੜਾ ਹੁੰਦਾ ਰਹਿੰਦਾ ਸੀ। ਸ਼ਨੀਵਾਰ ਰਾਤ ਵੀ ਉਨ੍ਹਾਂ ਦ ਬਹਿਸ ਹੋਈ। ਵਾਰ ਵਾਰ ਸਮਝਾਉਣ ਦੇ ਬਾਅਦ ਵੀ ਜਦ ਮੁਨੇਸ਼ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਈ ਤਾਂ ਸੁਨੀਲ ਨੇ ਲਾਇਸੈਂਸੀ ਰਿਵਾਲਵਰ ਤੋਂ ਗੋਲੀ ਮਾਰ ਕੇ ਆਪਣੀ ਪਤਨੀ ਮੁਨੇਸ਼ ਦੀ ਹੱਤਿਆ ਕਰ ਦਿੱਤੀ। ਮੁਨੇਸ਼ ਨੂੰ ਦੋ ਗੋਲੀਆਂ ਲੱਗੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ।

## ਦਿੱਲੀ ਦੀਆਂ ਕਈ ਕੰਪਨੀਆਂ ਵਿੱਚ 470 ਕਰੋੜ ਦੀ ਟੀ ਡੀ ਐੱਸ ਚੋਰੀ ਫੜ੍ਹੀ ਗਈ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਨੇ ਦਿੱਲੀ ਦੀਆਂ ਕਈ ਵੱਡੀਆਂ ਕੰਪਨੀਆਂ ਵੱਲੋਂ 470 ਕਰੋੜ ਰੁਪਏ ਦੇ ਸਰੋਤ ਉਤੇ ਟੈਕਸ ਕਟੌਤੀ (ਟੀ ਡੀ ਐੱਸ) ਦੀ ਖਾਮੀ ਦਾ ਮਾਮਲਾ ਫੜਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਕੰਪਨੀਆਂ 'ਤੇ ਛਾਪੇ ਤੋਂ ਬਾਅਦ ਇਹ ਮਾਮਲਾ ਸਾਹਮਣੇ ਆਇਆ ਹੈ। ਦਿੱਲੀ ਵਿੱਚ ਵਿਭਾਗ ਦੀ ਟੀ ਡੀ ਐੱਸ ਬ੍ਰਾਂਚ ਨੇ ਚਾਲੂ ਸਾਲ ਦੀ 31 ਮਾਰਚ ਨੂੰ ਖਤਮ ਹੋ ਰਹੀ ਅੰਤਿਮ ਤਿਮਾਹੀ 'ਚ ਸਰੋਤ ਉਤੇ ਟੈਕਸ ਕਟੌਤੀ ਯਕੀਨੀ ਕਰਨ ਲਈ ਨਿੰਜੀ ਕੰਪਨੀਆਂ ਤੇ ਸਰਕਾਰੀ ਸੰਗਠਨਾਂ ਲਈ ਵਿਸ਼ੇਸ਼ ਨਿਗਰਾਨੀ ਮੁਹਿੰਮ ਸ਼ੁਰੂ ਕੀਤੀ ਹੈ। ਡਾਇਰੈਕਟ ਟੈਕਸ ਦੀ ਸ਼੍ਰੇਣੀ ਦਾ ਕੁੱਲ ਟੈਕਸ ਕੁਲੈਕਸ਼ਨ 'ਚ ਟੀ ਡੀ ਐੱਸ ਦਾ ਹਿੱਸਾ ਚਾਲੀ ਫੀਸਦੀ ਬੈਠਦਾ ਹੈ। ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ ਵਿਭਾਗ ਦੀ ਟੀ ਡੀ ਐੱਸ ਬ੍ਰਾਂਚ ਨੇ ਪਿੱਛੇ ਜਿਹੇ ਬਜਟ ਹੋਟਲਾਂ ਤੇ ਗੈਸਟ ਹਾਊਸ ਡਰਾਈਵਰ ਕੰਪਨੀ 'ਤੇ ਛਾਪੇ ਮਾਰੇ। ਇਨ੍ਹਾਂ 'ਚ ਪਤਾ ਲੱਗਾ ਕਿ ਕੰਪਨੀਆਂ ਨੇ ਸੱਤ ਸਾਲ ਦੀ ਮਿਆਦ ਦੌਰਾਨ ਕਿਰਾਏ 'ਤੇ ਕੀਤੇ ਗਏ 280 ਕਰੋੜ ਰੁਪਏ ਦੇ ਭੁਗਤਾਨ ਉਤੇ ਟੀ ਡੀ ਐੱਸ ਨਹੀਂ ਕੱਟਿਆ ਹੈ। ਇਸੇ ਤਰ੍ਹਾਂ ਇੱਕ ਏਅਰਲਾਈਨ ਕੰਪਨੀ ਨੇ ਵੀ 115 ਕਰੋੜ ਰੁਪਏ ਦੇ ਟੀ ਡੀ ਐੱਸ ਭੁਗਤਾਨ ਵਿਚ ਖੁੰਝ ਕੀਤੀ ਹੈ। ਕੁਝ ਰੀਅਲ ਅਸਟੇਟ ਕੰਪਨੀਆਂ ਨੇ ਵੀ 75 ਕਰੋੜ ਰੁਪਏ ਦਾ ਡਿਫਾਲਟ ਕੀਤਾ ਹੈ। ਅਧਿਕਾਰੀਆਂ ਨੇ ਹਾਲਾਂਕਿ ਇਨ੍ਹਾਂ ਕੰਪਨੀਆਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਹੈ।

## ਲੋਕਪਾਲ ਵਿੱਚ ਆਈਆਂ ਸ਼ਿਕਾਇਤਾਂ ਦੀ ਜਾਂਚ ਅਤੇ ਮੁਕੱਦਮੇ ਬਿਨਾਂ 10 ਮਹੀਨੇ ਵਿੱਚ 10 ਕਰੋੜ ਖਰਚ




ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਲੋਕਪਾਲ ਬਣਾਉਣ ਦੇ ਬਾਅਦ ਬੀਤੇ 10 ਮਹੀਨੇ ਵਿੱਚ ਤਨਖਾਹ, ਦਫਤਰ ਦਾ ਕਿਰਾਇਆ, ਪ੍ਰਸ਼ਾਸਨਿਕ ਖਰਚ ਦੇ ਨਾਂਅ 'ਤੇ 10 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਜਾ ਚੁੱਕੇ ਹਨ। ਇਸ ਦੌਰਾਨ ਲੋਕਪਾਲ ਵਿੱਚ ਆਉਣ ਵਾਲੀ ਇੱਕ ਵੀ ਸ਼ਿਕਾਇਤ ਦੀ ਨਾ ਵਿਸਥਾਰ ਨਾਲ ਜਾਂਚ ਸ਼ੁਰੂ ਹੋ ਸਕੀ ਹੈ ਅਤੇ ਨਾ ਕਿਸੇ ਮਾਮਲੇ ਵਿੱਚ ਮੁਕੱਦਮਾ ਚਲ ਸਕਿਆ ਹੈ। ਮਾਰਚ 2019 ਵਿੱਚ ਲੋਕਪਾਲ ਦੇ ਮੁਖੀ ਅਤੇ ਮੈਂਬਰਾਂ ਦੀ ਨਿਯੁਕਤੀ ਦੇ ਬਾਅਦ ਤੋਂ ਲੈ ਕੇ ਜਨਵਰੀ 2020 ਦੇ ਪਹਿਲੇ ਹਫਤੇ ਤੱਕ 10 ਕਰੋੜ ਤੋਂ ਵੱਧ ਖਰਚ ਹੋ ਚੁੱਕੇ ਹਨ।

ਪਤਾ ਲੱਗਾ ਹੈ ਕਿ ਲੋਕਪਾਲ ਦੇ ਮੁਖੀ ਅਤੇ ਮੈਂਬਰਾਂ ਦੀ ਨਿਯੁਕਤੀ ਦੇ ਬਾਅਦ ਜਨਵਰੀ 2020 ਦੇ ਪਹਿਲੇ ਹਫਤੇ ਤੱਕ 1307 ਸ਼ਿਕਾਇਤਾਂ ਪਹੁੰਚੀਆਂ ਹਨ, ਪਰ ਅਜੇ ਤੱਕ ਇੱਕ ਵੀ ਮਾਮਲੇ ਦੀ ਵਿਸਥਾਰ ਸਹਿਤ ਜਾਂਚ ਸ਼ੁਰੂ ਨਹੀਂ ਹੋਈ ਕਿਉਂਕਿ ਲੋਕਪਾਲ ਵਿੱਚ ਅਜੇ ਤੱਕ ਨਾ ਜਾਂਚ ਇਕਾਈ ਬਣਾਈ ਗਈ ਹੈ ਅਤੇ ਨਾ ਪ੍ਰਾਸੀਕਿਊਸ਼ਨ ਯੂਨਿਟ ਹੈ। ਲੋਕਪਾਲ ਵਿੱਚ ਆਉਂਦੀਆਂ ਕੁਝ ਸ਼ਿਕਾਇਤਾਂ ਨੂੰ ਜ਼ਰੂਰੀ ਕਾਰਵਾਈ ਲਈ ਕੇਂਦਰੀ ਚੌਕਸੀ ਕਮਿਸ਼ਨ ਅਤੇ ਸੰਬੰਧਤ ਮੰਤਰਾਲਿਆਂ ਨੂੰ ਭੇਜਿਆ ਗਿਆ ਹੈ। ਲੋਕਪਾਲ ਵਿੱਚ ਸੱਤਰ ਅਹੁਦਿਆਂ 'ਤੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਨਿਯੁਕਤੀ ਹੋਣੀ ਹੈ, 20 ਅਹੁਦਿਆਂ 'ਤੇ ਹੀ ਨਿਯੁਕਤੀ ਹੋਈ ਹੈ। ਲੋਕਪਾਲ ਦਾ ਕਹਿਣਾ ਹੈ ਕਿ ਅਧਿਕਾਰੀਆਂ ਦੀ ਨਿਯੁਕਤੀ ਲਈ ਅਜੇ ਤੱਕ ਭਰਤੀ ਨਿਯਮ ਹੀ ਨਹੀਂ ਬਣ ਸਕੇ ਹਨ। ਲੋਕਪਾਲ ਬਣਨ ਪਿੱਛੋਂ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ ਜਾਂ ਕੇਂਦਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਖਿਲਾਫ ਭ੍ਰਿਸ਼ਟਾਚਾਰ ਦੀਆਂ ਕਿੰਨੀਆਂ ਸ਼ਿਕਾਇਤਾਂ ਆਈਆਂ ਅਤੇ ਇਨ੍ਹਾਂ ਸ਼ਿਕਾਇਤਾਂ 'ਤੇ ਕੀ ਕਾਰਵਾਈ ਹੋਈ, ਇਸ 'ਤੇ ਲੋਕਪਾਲ ਦਾ ਕਹਿਣਾ ਹੈ ਕਿ ਇਥੇ ਆਉਣ ਵਾਲੀਆਂ ਸ਼ਿਕਾਇਤਾਂ ਨੂੰ ਅਲੱਗ ਅਲੱਗ ਸ਼੍ਰੇਣੀ ਵਿੱਚ ਨਹੀਂ ਵੰਡਿਆ ਗਿਆ ਹੈ, ਇਸ ਲਈ ਇਸ ਦੀ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ।

# ਨਟਵਰ ਸਿੰਘ ਕਹਿੰਦੈ: ਭਾਰਤ ਦੀ ਵੰਡ ਨਾਲ ਮੈਨੂੰ ਖ਼ੁਸ਼ੀ ਹੋਈ ਸੀ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਕਾਂਗਰਸ ਵਿੱਚੋਂ ਨਿਕਲੇ ਹੋਏ ਬਜ਼ੁਰਗ ਨੇਤਾ ਅਤੇ ਸਾਬਕਾ ਵਿਦੇਸ਼ ਮੰਤਰੀ ਕੇ ਨਟਵਰ ਸਿੰਘ ਨੇ ਕਿਹਾ ਹੈ ਕਿ ਭਾਰਤ-ਪਾਕਿਸਤਾਨ ਦੀ ਵੰਡ ਹੋਣ ਦੀ ਮੈਨੂੰ ਖ਼ੁਸ਼ੀ ਹੈ, ਨਹੀਂ ਤਾਂ ਮੁਸਲਿਮ ਲੀਗ ਦੇਸ਼ ਨੂੰ ਕੰਮ ਕਾਜ ਹੀ ਨਾ ਕਰਨ ਦਿੰਦੀ। ਇਸ ਨਾਲ ਦੇਸ਼ ਵਿੱਚ ਤੇ 'ਡਾਇਰੈਕਕਟ ਐਕਸ਼ਨ ਡੇਜ਼' (ਯਾਨੀ 16 ਅਗਸਤ 1946 'ਚ ਮੁਸਲਿਮ ਲੀਗ ਵੱਲੋਂ ਐਲਾਨੇ ਕਲੱਕਤਾ ਦੰਗੇ) ਹੁੰਦੇ।


ਰਾਜ ਸਭਾ ਮੈਂਬਰ ਐਮ ਜੇ ਅਕਬਰ ਦੀ ਨਵੀਂ ਕਿਤਾਬ 'ਗਾਂਧੀਜ਼ ਹਿੰਦੂਇਜ਼ਮ-ਦਿ ਸਟ੍ਰਗਲ ਅਗੇਂਸਟ ਜਿੰਨਾਜ਼ ਇਸਲਾਮ' ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਰਿਲੀਜ਼ ਕੀਤੀ ਹੈ। ਇਸ ਮੌਕੇ 'ਤੇ ਕੱਲ੍ਹ ਪ੍ਰਣਾਬ ਮੁਖਰਜੀ ਨੇ ਕਿਹਾ ਕਿ ਮਹਾਤਮਾ ਗਾਂਧੀ ਆਪਣੇ ਜਨਤਕ ਜੀਵਨ 'ਚ ਹਮੇਸ਼ਾ ਭਾਰਤ ਦੀ ਏਕਤਾ ਲਈ ਲੜੇ। ਉਨ੍ਹਾਂ ਨੇ ਇਹ ਗੱਲ ਕਦੀ ਨਹੀਂ ਮੰਨੀ ਕਿ ਧਾਰਮਿਕ ਆਧਾਰ 'ਤੇ ਦੇਸ਼ ਦੀ ਵੰਡ ਹੋਵੇ।



ਸਾਬਕਾ ਵਿਦੇਸ਼ ਮੰਤਰੀ ਨਟਵਰ ਸਿੰਘ ਨੇ ਕਿਹਾ ਕਿ ਉਹ ਭਾਰਤ ਦੀ ਵੰਡ ਹੋਣ ਤੋਂ ਖੁਸ਼ ਹਨ, ਕਿਉਂਕਿ ਜੇ ਭਾਰਤ ਦੀ ਵੰਡ ਨਾ ਹੁੰਦੀ ਤਾਂ ਹੋਰ ਡਾਇਰੈਕਟ ਐਕਸ਼ਨ (ਹਿੰਦੂਆਂ ਦਾ ਕਤਲੇਆਮ) ਹੁੰਦੇ। ਇਹ ਪਹਿਲੀ ਵਾਰ ਜਿਨਾਹ (ਮੁਹੰਮਦ ਅਲੀ ਜਿਨਾਹ) ਵੇਲੇ 16 ਅਗਸਤ 1946 ਨੂੰ ਹੋਇਆ ਸੀ, ਜਦੋਂ ਕੋਲਕਾਤਾ ਵਿੱਚ ਹਜ਼ਾਰਾਂ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਤੇ ਉਸ ਤੋਂ ਬਾਅਦ ਉਸ ਦੇ ਜਵਾਬ ਵਿੱਚ ਬਿਹਾਰ 'ਚ ਹਜ਼ਾਰਾਂ ਮੁਲਮਾਨਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਵੀ ਹੋ ਸਕਦਾ ਸੀ ਕਿ ਮੁਸਲਮ ਲੀਗ ਨੇ ਦੇਸ਼ ਨੂੰ ਕੰਮ ਹੀ ਨਾ ਕਰਨ ਦਿੱਤਾ ਹੁੰਦਾ।

ਵਰਨਣ ਯੋਗ ਹੈ ਕਿ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿੱਚ ਮੁਸਲਮ ਲੀਗ ਨੇ ਮੁਸਲਮਾਨਾਂ ਨੂੰ ਵੱਖਰਾ ਦੇਸ਼ ਬਣਾਉਣ ਲਈ 'ਡਾਇਰੈਕਟ ਐਕਸ਼ਨ' ਦੇ ਲਈ ਸੱਦਾ ਦਿੱਤਾ ਸੀ। ਉਦੋਂ ਬਰਤਾਨਵੀ ਸਮੇਂ ਦੇ ਬੰਗਾਲ 'ਚ ਹਿੰਦੂ-ਮੁਸਲਮ ਦੰਗੇ ਹੋਏ ਸਨ। ਨਟਵਰ ਸਿੰਘ ਨੇ ਇਸ 'ਚ ਮੁਸਲਮ ਲੀਗ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਕਿਹਾ ਕਿ 2 ਸੰਤਬਰ 1946 ਨੂੰ ਅੰਤ੍ਰਿਮ ਭਾਰਤ ਸਰਕਾਰ ਬਣਾਈ ਗਈ ਤਾਂ ਮੁਸਲਮ ਲੀਗ ਨੇ ਜਵਾਹਰ ਲਾਲ ਨਹਿਰੂ ਦੀ ਕੈਬਨਿਟ 'ਚ ਸ਼ਾਮਲ ਹੋਣ ਤੋਂ ਪਹਿਲਾਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ 'ਚ ਕੈਬਨਿਟ ਵਿੱਚ ਸਿਰਫ ਇਸ ਲਈ ਸ਼ਾਮਲ ਹੋ ਗਈ ਤਾਂ ਜੋ ਕੈਬਨਿਟ ਦੇ ਸਾਰੇ ਮਤਿਆਂ ਦਾ ਵਿਰੋਧ ਕਰ ਸਕਣ। 88 ਸਾਲਾ ਨਟਵਰ ਸਿੰਘ ਨੇ ਕਿਹਾ ਕਿ ਤੁਸੀਂ ਵੱਡੇ ਪੱਧਰ 'ਤੇ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹੋ ਕਿ ਜੇ ਭਾਰਤ ਦੀ ਵੰਡ ਨਾ ਹੁੰਦੀ ਤਾਂ ਮੁਸਲਮ ਲੀਗ ਨੇ ਸਭ ਕੁਝ ਔਖਾ ਕਰ ਦਿੱਤਾ ਹੁੰਦਾ।

## ਸੌਖ ਲਈ ਬਣਾਏ ਕਿਊ ਆਰ ਕੋਡ ਨੇ ਦਿੱਲੀ ਚੋਣਾਂ ਵਿੱਚ ਕਈ ਥਾਂ ਪਰੇਸ਼ਾਨੀ ਵਧਾਈ



ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਰਾਜਧਾਨੀ ਦਿੱਲੀ 'ਚ ਵਿਧਾਨ ਸਭਾ ਚੋਣਾਂ ਲਈ ਵੋਟਿੰਗ ਨੂੰ ਸੌਖਾ ਬਣਾਉਣ ਲਈ ਇਸ ਵਾਰੀ ਕਿਊ ਆਰ ਕੋਡ ਅਤੇ ਮੋਬਾਈਲ ਐਪਸ ਵਰਗੀ ਤਕਨੀਕ ਦੀ ਵਰਤੋਂ ਕੀਤੀ ਗਈ, ਪਰ ਕਿਤੇ ਕਿਤੇ ਆਈਆਂ ਔਕੜਾਂ ਨਾਲ ਪਰੇਸ਼ਾਨੀਆਂ ਵਧ ਗਈਆਂ। ਦਿੱਲੀ ਵਿੱਚ ਕਈ ਥਾਂਈਂ ਇੰਟਰਨੈਟ ਕੁਨੈਕਸ਼ਨ ਠੀਕ ਨਾ ਹੋਣ ਕਾਰਨ ਕਿਊ ਆਰ ਕੋਡ ਸਕੈਨ ਹੋਣ 'ਚ ਔਕੜਾਂ ਆਈਆਂ, ਜਿਨ੍ਹਾਂ ਕਾਰਨ ਦੇਰੀ ਹੋਈ ਅਤੇ ਬੂਥਾਂ 'ਤੇ ਲੰਬੀਆਂ ਲਾਈਨਾਂ ਲੱਗ ਗਈਆਂ। ਦਿੱਲੀ ਵਿੱਚ ਇਸ ਵਾਰ 11 ਵਿਧਾਨ ਸਭਾ ਹਲਕਿਆਂ 'ਚ ਕਿਊ ਆਰ ਕੋਡ ਦੀ ਵਰਤੋਂ ਹੋਈ ਸੀ, ਜਿਸ ਦੇ ਲਈ ਵੋਟਿੰਗ ਸਲਿਪ 'ਤੇ ਕਾਲੇ ਰੰਗ ਦਾ ਬਾਕਸ (ਕਿਊ ਆਰ) ਦਿਖਾਈ ਦੇ ਰਿਹਾ ਸੀ। ਇਸ ਨੂੰ ਸਕੈਨ ਕਰ ਕੇ ਬੂਥ 'ਤੇ ਮੌਜੂਦ ਅਧਿਕਾਰੀ ਵੋਟਰ ਦੀ ਜਾਣਕਾਰੀ ਦੇਖ ਸਕਦੇ ਹਨ। ਮੁੱਖ ਤੌਰ 'ਤੇ ਇਸ ਤਰ੍ਹਾਂ ਦਾ ਪ੍ਰਬੰਧ ਵੋਟਿੰਗ 'ਚ ਲੱਗਣ ਵਾਲਾ ਸਮਾਂ ਘਟਾਉਣ ਲਈ ਕੀਤਾ ਗਿਆ ਸੀ, ਪਰ ਕਈ ਥਾਵਾਂ 'ਤੇ ਉਲਟਾ ਅਸਰ ਹੋਇਆ। ਚੋਣ ਕਮਿਸ਼ਨ ਨੇ ਇਸ ਵਾਰ ਬੂਥ ਐਪ ਤੋਂ ਵੀ ਵੋਟਰ ਸਲਿਪ ਕੱਢਣ ਲਈ ਸਹੂਲਤ ਦਿੱਤੀ ਸੀ, ਪਰ ਇਹ ਯੋਜਨਾ ਵੀ ਫਲਾਪ ਰਹੀ। ਇਸ ਵਿੱਚ ਵੋਟਰ ਨੇ ਹੈਲਪਲਾਈਨ ਐਪ ਨੂੰ ਡਾਊਨਲੋਡ ਕਰ ਕੇ ਉਥੋਂ ਵੋਟਿੰਗ ਸਲਿਪ ਡਾਊਨਲੋਡ ਕਰਨੀ ਸੀ, ਫਿਰ ਇਸ ਨੂੰ ਫੋਨ 'ਚ ਸਲਿਪ ਨੂੰ ਡਾਊਨਲੋਡ ਕੀਤਾ ਗਿਆ ਸੀ, ਉਸ ਨੂੰ ਲੈ ਕੇ ਵੋਟਿੰਗ ਸੈਂਟਰ 'ਤੇ ਜਾ ਸਕਦੇ ਸਨ। ਕਿਊ ਆਰ ਕੋਡ ਸਿਸਟਮ ਦਿੱਲੀ ਤੋਂ ਪਹਿਲਾਂ ਮਹਾਰਾਸ਼ਟਰ ਚੋਣਾਂ ਵਿੱਚ ਵੀ ਵਰਤਿਆ ਸੀ। ਕਿਊ ਆਰ ਕੋਡ ਵਾਲੀ ਪਰਚੀ ਨੂੰ ਜਾਰੀ ਕਰਨ ਦਾ ਮਕਸਦ ਚੋਣ 'ਚ ਪਾਰਦਰਸ਼ਤਾ ਲਿਆਉਣੀ ਹੈ।

## ਬਿਜਲੀ ਦੀ ਤਾਰ ਲੱਗਣ ਨਾਲ ਬਸ ਵਿੱਚ ਅੱਗ ਲੱਗੀ, ਨੌਂ ਮੌਤਾਂ

ਬ੍ਰਹਮਪੁਰ (ਉੜੀਸਾ), 10 ਫਰਵਰੀ (ਪੋਸਟ ਬਿਊਰੋ)- ਉੜੀਸਾ ਵਿੱਚ ਗੰਜਾਮ ਜ਼ਿਲੇ ਦੇ ਗੋਲੰਤਾਰਾ ਇਲਾਕੇ ਵਿੱਚ ਕੱਲ੍ਹ ਬਿਜਲੀ ਨਾਲ ਜੁੜਨ ਦੇ ਕਾਰਨ ਇੱਕ ਬਸ ਵਿੱਚ ਅੱਗ ਲੱਗ ਗਈ। ਅਧਿਕਾਰੀਆਂ ਦੇ ਮੁਤਾਬਕ ਇਸ ਹਾਦਸੇ ਵਿੱਚ ਨੌਂ ਯਾਤਰੀਆਂ ਦੀ ਮੌਤ ਹੋ ਗਈ ਅਤੇ 22 ਹੋਰ ਜ਼ਖਮੀ ਹੋ ਗਏ ਹਨ। ਮੁੱਖ ਮੰਤਰੀ ਦਫਤਰ ਦੇ ਇੱਕ ਅਧਿਕਾਰੀ ਦੇ ਦੱਸਣ ਮੁਤਾਬਕ ਜ਼ਖਮੀਆਂ ਨੂੰ ਮੈਡੀਕਲ ਯੂਨੀਵਰਸਿਟੀ ਵਾਲੇ ਹਸਪਤਾਲ ਵਿੱਚ ਭਰਤੀ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਹਾਦਸਾ ਮਨਦਾਰਾਜਪੁਰ ਵਿੱਚ ਉਸ ਸਮੇਂ ਹੋਇਆ, ਜਦ ਬਸ ਜੰਗਲਪਾਡੂ ਤੋਂ ਚਿਕਰਾਦਾ ਜਾ ਰਹੀ ਸੀ ਅਤੇ ਉਸ ਵਿੱਚ ਕਰੀਬ ਚਾਲੀ ਯਾਤਰੀ ਸਵਾਰ ਸਨ। ਬ੍ਰਹਮਪੁਰ ਸਦਰ ਦੇ ਸਬ ਡਵੀਜ਼ਨਲ ਪੁਲਸ ਅਧਿਕਾਰੀ (ਐੱਸ ਡੀ ਪੀ ਓ) ਜਯੰਤ ਕੁਮਾਰ ਮਹਾਪਾਤਰਾ ਨੇ ਦੱਸਿਆ ਕਿ ਬਸ ਸਵਾਰ ਲੋਕ ਇੱਕ ਨਜ਼ਦੀਕੀ ਪਿੰਡ ਵਿੱਚ ਮੰਗਣੀ ਦੇ



ਸਮਾਰੋਹ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਬਸ 11 ਕਿਲੋਵਾਟ ਦੀ ਸਮਰੱਥਾ ਵਾਲੀ ਬਿਜਲੀ ਦੀ ਤਾਰ ਨਾਲ ਲੱਗ ਜਾਣ ਕਾਰਨ ਉਸ ਵਿੱਚ ਅੱਗ ਲੱਗ ਗਈ। ਸੂਬੇ ਦੇ ਟਰਾਂਸਪੋਰਟ ਮੰਤਰੀ ਪਧਮਨਾਭ ਬੇਹਰਾ ਨੇ ਕਿਹਾ ਕਿ ਪੂਰੀ ਘਟਨਾ ਦੀ ਜਾਂਚ ਕਰਾਈ ਜਾਏਗੀ ਤੇ ਦੋਸ਼ੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸ਼ੁਰੂ ਦੀ ਜਾਂਚ ਮੁਤਾਬਕ ਬਸ ਦੀ ਛੱਤ 'ਤੇ ਸਾਮਾਨ ਰੱਖਿਆ ਸੀ ਅਤੇ ਬਸ ਡਰਾਈਵਰ ਨੇ ਤੰਗ ਸੜਕ 'ਤੇ ਦੋ ਪਹੀਆ ਵਾਹਨ ਨੂੰ ਰਸਤਾ ਦੇਣ ਦੀ ਕੋਸ਼ਿਸ਼ ਕੀਤੀ ਤਾਂ ਹਾਈਵੋਲਟੇਜ਼ ਤਾਰ ਨਾਲ ਜੁੜ ਗਈ।



## ਥੋੜ੍ਹਾ ਸਮਾਂ ਠਹਿਰਨ ਵਾਲੇ ਨੌਜਵਾਨ ਕਪਲ ਅਨੁਕੂਲ ਹੋਟਲ ਚਾਹੁੰਦੇ ਹਨ



ਮੁੰਬਈ, 10 ਫਰਵਰੀ (ਪੋਸਟ ਬਿਊਰੋ)- ਨੌਜਵਾਨ ਪੀੜ੍ਹੀ ਹੋਟਲ ਵਿੱਚ ਕਮਰਾ, ਬੁੱਕ ਕਰਾਉਣ ਸਮੇਂ ਬਹੁਤੇ ਘੋਟਵੇਂ ਸਵਾਲ ਪੁੱਛੇ ਜਾਣਾ ਪਸੰਦ ਨਹੀਂ ਕਰਦੀ। ਇੱਕ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਥੋੜ੍ਹੇ ਸਮੇਂ ਦੇ ਲਈ ਹੋਟਲ ਵਿੱਚ ਰੁਕਣ ਵਾਲੇ 72 ਫੀਸਦੀ ਲੋਕ ਚਾਹੁੰਦੇ ਹਨ ਕਿ ਹੋਟਲ ਕਿਸੇ ਵੀ ਜੋੜੇ ਦੇ ਠਹਿਰਨ ਵਾਲਾ ਚਾਹੀਦਾ ਹੈ।

ਆਨਲਾਈਨ ਟ੍ਰੈਵਲ ਕੰਪਨੀ ਗੋਈਬਿਬੋ ਦੇ ਸਰਵੇ ਵਿੱਚ 72 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਦਿਨ ਵਿੱਚ ਠਹਿਰਨ ਜਾ ਇੱਕ ਰਾਤ ਗੁਜ਼ਾਰਨ ਲਈ ਅਜਿਹਾ ਹੋਟਲ ਚਾਹੁੰਦੇ ਹਨ, ਜਿਹੜਾ ਜੋੜੇ ਲਈ ਠਹਿਰਨ ਯੋਗ ਹੋਵੇ। ਸਰਵੇ ਮੁਤਾ-ਬਕ 46 ਫੀਸਦੀ ਹੋਟਲ ਬੁਕਿੰਗ ਅਜਿਹੇ ਜੋੜਿਆਂ ਵੱਲੋਂ ਆਉਂਦੀ ਹੈ, ਜਿਹੜੇ ਉਸੀ ਸ਼ਹਿਰ ਵਿੱਚ ਰਹਿੰਦੇ ਹਨ। ਇੰਜ 54 ਪ੍ਰਤੀਸ਼ਤ ਬੁਕਿੰਗ ਦੂਸਰੇ ਸ਼ਹਿਰਾਂ ਦੇ ਜੋੜਿਆਂ ਵੱਲੋਂ ਕੀਤੀ ਜਾਂਦੀ ਹੈ। ਆਲ ਇੰਡੀਆ ਪੱਧਰ ਤੇ ਕੀਤੇ ਇਸ ਸਰਵੇ ਵਿੱਚ ਗੋਈਬਿਬੋ ਕੰਜ਼ਿਊਮਰ ਇਨਸਾਈਟਸ ਨੇ 1000 ਲੋਕਾਂ ਦੀ ਸਲਾਹ ਲਈ ਹੈ। ਇਸ ਵਿੱਚ 22 ਤੋਂ 26 ਸਾਲ ਵਿੱਚ ਦੇ ਨੌਜਵਾਨਾਂ ਦੀ ਸਲਾਹ ਨੂੰ ਸ਼ਾਮਲ ਕੀਤਾ ਗਿਆ ਹੈ। ਸਰਵੇ ਵਿੱਚ ਇੱਕ ਹੋਰ ਤੱਥ ਸਾਹਮਣੇ ਆਇਆ ਕਿ 50 ਪ੍ਰਤੀਸ਼ਤ ਤੋਂ ਵੱਧ ਜੋੜਿਆਂ ਨੇ ਜੋੜੇ ਦੇ ਮੁਤਾਬਕ ਹੋਟਲ ਦੀ ਇੱਕ ਸਾਲ ਵਿੱਚ ਪੰਜ ਵਾਰ ਤੋਂ ਵੱਧ ਬੁਕਿੰਗ ਕੀਤੀ ਹੈ। ਇਸ ਵਿੱਚੋਂ ਇੱਕ-ਤਿਹਾਈ ਦੀ ਬੁਕਿੰਗ ਚੈਕ-ਇਨ ਵਾਲੇ ਦਿਨ ਦੇ ਲਈ ਹੀ ਕੀਤੀ ਗਈ ਸੀ।

# ਕੋਰੋਨਾ ਨਾਲ ਮ੍ਰਿਤਕਾਂ ਦੀ ਗਿਣਤੀ ਸਾਰਸ ਤੋਂ ਵੀ ਵੱਧ ਹੋ ਗਈ

ਬੀਜਿੰਗ , 10 ਫਰਵਰੀ (ਪੋਸਟ ਬਿਊਰੋ)- ਚੀਨ 'ਚ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਕੱਲ੍ਹ ਵਧ ਕੇ 813 ਹੋ ਗਈ। ਕੱਲ੍ਹ 91 ਹੋਰ ਲੋਕਾਂ ਦੇ ਮਰਨ ਦੀ ਖ਼ਬਰ ਆਈ ਹੈ। ਇਸ ਤਰ੍ਹਾਂ ਕੋਰੋਨਾ ਵਾਇਰਸ ਨਾਲ ਹੋਈਆਂ ਮੌਤਾਂ ਦੀ ਗਿਣਤੀ ਕਰੀਬ 20 ਸਾਲ ਪਹਿਲਾਂ ਸਾਰਸ ਵਾਇਰਸ ਕਾਰਨ ਹੋਈਆਂ ਮੌਤਾਂ ਤੋਂ ਵੱਧ ਹੋ ਗਈ ਹੈ। ਸਾਰਸ ਵਾਇਰਸ 2003 'ਚ ਫੈਲਿਆ ਸੀ ਤੇ ਦੋ ਦਰਜਨ ਤੋਂ ਵੱਧ ਦੇਸ਼ਾਂ 'ਚ ਇਸ ਦੇ ਮਰਜ਼ੀ ਪਾਏ ਗਏ ਸਨ। ਇਸ ਕਾਰਨ 774 ਲੋਕਾਂ ਦੀ ਜਾਨ ਗਈ ਸੀ। ਕੋਰੋਨਾ ਦੇ 2656 ਨਵੇਂ ਕੇਸ ਸਾਹਮਣੇ ਆਏ ਹਨ।



ਲੰਬੇ ਸਮੇਂ ਤੋਂ ਕਾਰਖਾਨੇ ਤੇ ਸਕੂਲਾਂ ਦੇ ਬੰਦ ਹੋਣ ਅਤੇ ਉਡਾਨਾਂ ਉਤੇ ਪਾਬੰਦੀਆਂ ਕਾਰਨ ਚੀਨ ਦੇ ਕਈ ਸ਼ਹਿਰ ਭੂਤਵਾੜੇ ਨਜ਼ਰ ਆਉਣ ਲੱਗੇ ਸਨ। ਬੀਜਿੰਗ ਦੀ ਸ਼ੇਅਰ ਮਾਰਕੀਟ ਵੀ ਪੂਰੀ ਤਰ੍ਹਾਂ ਉਜੜੀ ਦਿੱਸਦੀ ਹੈ। ਇੱਥੇ ਕੰਮਕਾਜ ਪੂਰੀ ਤਰ੍ਹਾਂ ਮਾਮੂਲੀ ਹੈ। ਨਿਵੇਸ਼ਕ ਸੋਨੇ, ਬਾਂਡ ਅਤੇ ਜਾਪਾਨੀ ਯੈਨ 'ਚ ਨਿਵੇਸ਼ ਕਰ ਰਹੇ ਹਨ। ਫੋਨ ਨਿਰਮਾਤਾ ਕੰਪਨੀ ਐਪਲ ਦੀ ਸਪਲਾਇਰ ਫਾਰਸਕਾਨ ਟੈਕਨਾਲੋਜੀ ਕੰਪਨੀ ਲਿਮਟਡ ਨੇ ਕੱਲ੍ਹ ਕਿਹਾ ਕਿ ਉਸ ਨੇ ਆਪਣੇ ਮੁਲਾਜ਼ਮਾਂ ਨੂੰ 21 ਫਰਵਰੀ ਤੱਕ ਘਰੋਂ ਕੰਮ ਕਰਨ ਨੂੰ ਕਿਹਾ ਹੈ। ਪੀਪੁਲਸ ਡੇਲੀ ਅਖ਼ਬਾਰ ਮੁਤਾਬਕ ਹੁਬੇਈ ਸੂਬੇ ਵਿੱਚ ਇੱਕ ਮਾਰਚ ਤੱਕ ਸਕੂਲ ਬੰਦ ਰਹਿਣਗੇ। ਇਸ ਦੌਰਾਨ ਇੱਕ ਸਮੁੰਦਰੀ ਜਹਾਜ਼ ਦੇ ਚਾਲਕ ਦਲ ਦੇ 1800 ਮੈਂਬਰਾਂ ਦਾ ਟੈਸਟ ਨੈਗੇਟਿਵ ਆਉਣ ਤੋਂ ਬਾਅਦ ਕੋਰੋਨਾ ਵਾਇਰਸ ਦੇ ਸ਼ੱਕ 'ਚ ਪੰਜ ਦਿਨ ਤੱਕ ਹਾਂਗਕਾਂਗ ਵਿੱਚ ਇੱਕ ਕਰੂਜ਼ ਵਿੱਚ ਫਸੇ ਰਹੇ ਹਜ਼ਾਰਾਂ ਲੋਕਾਂ ਨੂੰ ਜਾਣ ਦਿੱਤਾ ਗਿਆ ਹੈ। ਅਸਲ 'ਚ ਦਿ ਵਰਲਡ ਡ੍ਰੀਮ ਕੰਪਨੀ ਤਿੰਨ ਚੀਨੀ ਮੁਸਾਫਰਾਂ ਨੂੰ 19 ਜਨਵਰੀ ਤੋਂ 24 ਜਨਵਰੀ ਵਿਚਕਾਰ ਵਿਅਤਨਾਮ ਲੈ ਗਈ ਸੀ। ਇਹ ਲੋਕ ਬਾਅਦ 'ਚ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਹੋ ਗਏ।

## ਬੰਗਲਾ ਦੇਸ਼ ਦੇ ਜਹਾਜ਼ੀ ਅਮਲੇ ਵੱਲੋਂ ਚੀਨ ਜਾਣ ਤੋਂ ਨਾਂਹ




ਢਾਕਾ, 10 ਫਰਵਰੀ (ਪੋਸਟ ਬਿਊਰੋ)- ਬੰਗਲਾ ਦੇਸ਼ ਨੇ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਚੀਨ ਵਿੱਚ ਫਸੇ ਆਪਣੇ 171 ਨਾਗਰਿਕਾਂ ਨੂੰ ਵਾਪਸ ਲਿਆਉਂਣ ਦੀ ਯੋਜਨਾ ਰੱਦ ਕਰ ਦਿੱਤੀ ਹੈ। ਅਸਲ ਵਿੱਚ ਬੰਗਲਾ ਦੇਸ਼ ਦੇ ਜਹਾਜ਼ੀ ਅਮਲੇ ਨੇ ਚੀਨ ਜਾਣ ਤੋਂ ਮਨ੍ਹਾਂ ਕਰ ਦਿੱਤਾ ਤਾਂ ਇਸ ਪਿੱਛੋਂ ਸਰਕਾਰ ਨੂੰ ਇਹ ਫੈਸਲਾ ਲੈਣਾ ਪਿਆ ਹੈ।

ਸਥਾਨਕ ਮੀਡੀਆ ਵਿੱਚ ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਏ ਕੇ ਅਬਦੁੱਲ ਮੋਮਿਨ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਸੀਂ ਕੋਈ ਜਹਾਜ਼ ਨਹੀਂ ਭੇਜ ਸਕਦੇ। ਜਹਾਜ਼ ਦੇ ਅਮਲੇ ਦਾ ਕੋਈ ਵੀ ਮੈਂਬਰ ਉਥੇ ਜਾਣ ਨੂੰ ਤਿਆਰ ਨਹੀਂ ਹੈ। ਇਸ ਲਈ ਅਸੀਂ ਚੀਨ ਵਿੱਚ ਮੌਜੂਦ ਬੰਗਲਾ ਦੇਸ਼ੀ ਨਾਗਰਿਕਾਂ ਨੂੰ ਉਡੀਕ ਕਰਨ ਲਈ ਕਿਹਾ ਹੈ। ਚੀਨੀ ਚਾਰਟਰਡ ਜਹਾਜ਼ ਹੀ ਬੰਗਲਾ ਦੇਸ਼ੀ ਨਾਗਰਿਕਾਂ ਨੂੰ ਵਾਪਸ ਲਿਆ ਸਕਦਾ ਹੈ। ਚੀਨ ਦੇ ਅਧਿਕਾਰੀਆਂ ਨੇ ਪਹਿਲਾਂ ਇਸ 'ਤੇ ਸਹਿਮਤੀ ਪ੍ਰਗਟਾਈ ਸੀ, ਪ੍ਰੰਤੂ ਬਾਅਦ ਵਿੱਚ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਮੌਜੂਦਾ ਸਥਿਤੀ ਵਿੱਚ ਅਸੀਂ ਉਥੇ ਕੋਈ ਜਹਾਜ਼ ਭੇਜਣ ਵਿੱਚ ਸਮਰੱਥ ਨਹੀਂ ਹਾਂ। ਸਰਕਾਰ ਅਨੁਸਾਰ ਚੀਨ ਵਿੱਚ 171 ਬੰਗਲਾ ਦੇਸ਼ੀ ਅਜਿਹੇ ਹਨ ਜੋ ਦੇਸ਼ ਪਰਤਣਾ ਚਾਹੁੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ। ਬੰਗਲਾ ਦੇਸ਼ ਦੀ ਸਰਕਾਰੀ ਕੰਪਨੀ 'ਜਹਾਜ਼ ਏਅਰਲਾਈਨਜ਼' ਦਾ ਬੋਇੰਗ 777-300 ਜਹਾਜ਼ ਇੱਕ ਫਰਵਰੀ ਨੂੰ 12 ਬੱਚਿਆਂ ਅਤੇ ਤਿੰਨ ਨਵਜੰਮੇ ਬੱਚਿਆਂ ਸਮੇਤ 312 ਬੰਗਲਾ ਦੇਸ਼ੀ ਨਾਗਰਿਕਾਂ ਨੂੰ ਚੀਨ ਤੋਂ ਲਿਆਇਆ ਸੀ। ਮੋਮਿਨ ਨੇ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਜਿਨ੍ਹਾਂ 'ਚ ਕਿਹਾ ਜਾ ਰਿਹਾ ਸੀ ਕਿ ਚੀਨ ਵਿੱਚ ਫਸੇ ਕੁਝ ਬੰਗਲਾ ਦੇਸ਼ੀ ਨਾਗਰਿਕਾਂ ਨੇ ਆਵਾਜਾਈ 'ਤੇ ਪਾਬੰਦੀਆਂ ਕਾਰਨ ਖਾਣ ਯੋਗ ਅਤੇ ਪੀਣ ਵਾਲੇ ਪਾਣੀ ਦੀ ਕਮੀ ਦੀ ਸ਼ਿਕਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਚੀਨ ਦੇ ਅਧਿਕਾਰੀ ਉਨ੍ਹਾਂ 23 ਥਾਵਾਂ 'ਤੇ ਖ਼ੁਰਾਕ ਪਦਾਰਥ ਅਤੇ ਪੀਣ ਵਾਲਾ ਪਾਣੀ ਪਹੁੰਚਾ ਰਹੇ ਹਨ, ਜਿੱਥੇ ਬੰਗਲਾ ਦੇਸ਼ੀ ਰਹਿੰਦੇ ਹਨ।

## ਘੱਟ ਸੌਣ ਵਾਲੇ ਬੱਚਿਆਂ ਵਿੱਚ ਮਾਨਸਿਕ ਦਬਾਅ ਦਾ ਡਰ ਵੱਧ



ਲੰਡਨ, 10 ਫਰਵਰੀ (ਪੋਸਟ ਬਿਊਰੋ)- ਬੱਚਿਆਂ 'ਚ ਮਾਨਸਿਕ ਦਬਾਅ, ਕਾਹਲਪੁਣਾ, ਗੁੱਸੇ ਵਾਲਾ ਵਤੀਰਾ ਅਤੇ ਗਿਆਨ ਬਾਰੇ ਮਾੜਾ ਪ੍ਰਦਰਸ਼ਨ ਉਨ੍ਹਾਂ ਦੀ ਨੀਂਦ ਦੀ ਮਿਆਦ ਅਤੇ ਗੁਣਵੱਤਾ ਨਾਲ ਜੁੜਿਆ ਹੋਇਆ ਹੈ।

ਮੈਗਜ਼ੀਂ ਮਾਲੀਕਿਊਲਰ ਸਾਈਕੈਟਰੀ ਵਿੱਚ ਛਪੇ ਪੱਤਰ 'ਚ ਕਿਹਾ ਗਿਆ ਹੈ ਕਿ ਘੱਟ ਨੀਂਦ ਬੱਚਿਆਂ ਦੀ ਮਾਨਸਿਕ ਰਚਨਾ ਵਿੱਚ ਬਦਲਾਅ ਨਾਲ ਜੁੜੀ ਹੋਈ ਹੈ। ਖੋਜਕਾਰਾਂ ਨੇ ਕਿਹਾ ਹੈ ਕਿ ਚੰਗੀ ਨੀਂਦ ਦਿਮਾਗ ਦੀਆਂ ਨਸਾਂ ਦੇ ਸੰਪਰਕ ਦੀ ਮੁੜ ਉਸਾਰੀ 'ਚ ਸਹਾਇਤਾ ਕਰਦੀ ਹੈ ਅਤੇ ਇਸ ਦਾ ਉਨ੍ਹਾਂ ਬੱਚਿਆਂ ਲਈ ਖਾਸ ਤੌਰ 'ਤੇ ਮਹੱਤਵ ਹੈ, ਜਿਨ੍ਹਾਂ ਦਾ ਦਿਮਾਗ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੋਵੇ। ਖੋਜਕਾਰਾਂ ਨੇ ਨੌਂ ਤੋਂ 11 ਸਾਲ ਦੀ ਉਮਰ ਦੇ 11,000 ਬੱਚਿਆਂ ਦੀ ਦਿਮਾਗੀ ਰਚਨਾ ਦੀ ਪੜਤਾਲ ਕਰਨ ਅਤੇ ਉਨ੍ਹਾਂ ਦੀ ਤੁਲਨਾ ਨੀਂਦ ਨਾਲ ਜੁੜੀ ਮਿਆਦ ਦੇ ਅੰਕੜਿਆਂ ਨਾਲ ਕੀਤੀ, ਜਿਸ ਤੋਂ ਇਹ ਨਤੀਜਾ ਨਿਕਲਿਆ ਕਿ ਜਿਹੜੇ ਬੱਚੇ ਘੱਟ ਸੌਂਦੇ ਹਨ, ਉਨ੍ਹਾਂ 'ਚ ਮਾਨਸਿਕ ਦਬਾਅ, ਕਾਹਲਪੁਣਾ, ਗੁੱਸੇ ਵਾਲਾ ਵਤੀਰਾ, ਵਰਤਾਓ ਅਤੇ ਗਿਆਨ ਦਾ ਖਰਾਬ ਪ੍ਰਦਰਸ਼ਨ ਦੇਖਿਆ ਗਿਆ। ਖੋਜ 'ਚ ਦੇਖਿਆ ਗਿਆ ਕਿ ਘੱਟ ਸੌਣ ਵਾਲੇ ਬੱਚਿਆਂ ਦੇ ਦਿਮਾਗੇ ਦੇ ਕੁਝ ਹਿੱਸਿਆਂ ਦਾ ਆਕਾਰ ਘੱਟ ਜਾਂਦਾ ਹੈ। ਇਹ ਉਹ ਹਿੱਸੇ ਹਨ, ਜਿਹੜੇ ਸੁਣਨ ਦੀ ਸ਼ਕਤੀ, ਯਾਦ ਰੱਖਣ ਦੀ ਸਮਰੱਥਾ ਅਤੇ ਫੈਸਲਾ ਲੈਣ ਦੀ ਯੋਗਤਾ ਨਾਲ ਜੁੜੇ ਹੋਏ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਲੋੜੀਂਦੀ ਨੀਂਦ ਲੈਣਾ ਬੱਚਿਆਂ ਦੇ ਗਿਆਨ ਅਤੇ ਮਾਨਸਿਕ ਸਿਹਤ ਦੋਵਾਂ ਲਈ ਹੀ ਬਹੁਤ ਜ਼ਰੂਰੀ ਹੈ।

## ਬ੍ਰਿਟੇਨ, ਜਰਮਨੀ ਤੇ ਹਾਲੈਂਡ 'ਚ ਤੂਫ਼ਾਨ ਸਿਆਰਾ ਨਾਲ ਜਹਾਜ਼ ਤੇ ਰੇਲ ਸੇਵਾ ਪ੍ਰਭਾਵਿਤ

ਲੰਡਨ, 10 ਫਰਵਰੀ (ਪੋਸਟ ਬਿਊਰੋ)- ਯੂਰਪੀ ਦੇਸ਼ ਬ੍ਰਿਟੇਨ, ਜਰਮਨੀ ਅਤੇ ਹਾਲੈਂਡ ਵਿੱਚ ਤੂਫ਼ਾਨ ਸਿਆਰਾ ਨੇ ਕਹਿਰ ਢਾਹਿਆ ਹੈ। ਭਾਰੀ ਬਾਰਿਸ਼ ਨਾਲ ਲਗਭਗ 145 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਨਾਲ ਜਹਾਜ਼ ਅਤੇ ਰੇਲ ਸੇਵਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਫੁੱਟਬਾਲ ਦੇ ਕਈ ਮੈਚ ਵੀ ਰੱਦ ਕਰਨੇ ਪਏ ਹਨ। ਬ੍ਰਿਟੇਨ ਵਿੱਚ ਹੜ੍ਹ ਦੇ ਖ਼ਤਰੇ ਬਾਰੇ ਦੋ ਸੌ ਤੋਂ ਵੱਧ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। ਉੱਤਰੀ ਇੰਗਲੈਂਡ ਦੇ ਯਾਰਕਸ਼ਾਇਰ ਵਿੱਚ ਹੜ੍ਹ ਦੀ ਗੰਭੀਰ ਚਿਤਾਵਨੀ ਦਿੱਤੀ ਗਈ ਹੈ। ਵੇਲਜ਼ ਵਿੱਚ 145 ਕਿਲੋਮੀਟਰ ਪ੍ਰਤੀ ਘੰਟੇ ਚਾਲ ਨਾਲ ਹਵਾਵਾਂ ਚੱਲੀਆਂ ਹਨ। ਲੰਡਨ ਦੇ ਹੀਥਰ੍ਹ ਅਤੇ ਗੇਟਵਿਕ ਹਵਾਈ ਅੱਡੇ ਉੱਤੇ ਬੁਰਾ ਪ੍ਰਭਾਵ ਪਿਆ ਅਤੇ ਕਈ ਉਡਾਣਾਂ ਰੱਦ ਕਰਨੀਆਂ ਪਈਆਂ। ਰੇਲ ਤੇ ਸਮੁੰਦਰੀ ਜਹਾਜ਼ 'ਤੇ ਪ੍ਰਭਾਵ ਪਿਆ ਹੈ। ਡੋਵਰ ਪੋਰਟ ਤੋਂ ਜਹਾਜ਼ ਸੇਵਾ ਬੰਦ ਕਰ ਦਿੱਤੀ ਗਈ। ਹਾਲੈਂਡ ਵਿੱਚ ਵੀ ਐਮਸਟਰਡਮ ਹਵਾਈ ਅੱਡ ਤੋਂ 120 ਤੋਂ ਵੱਧ ਉਡਾਣਾਂ ਰੱਦ






ਕਰ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ। ਫੁੱਟਬਾਲ ਮੈਚ ਵੀ ਰੱਦ ਕਰ ਦਿੱਤੇ ਗਏ। ਜਰਮਨੀ ਦੇ ਸਭ ਤੋਂ ਵੱਡੇ ਫ੍ਰੈਂਕਫਰਟ ਹਵਾਈ ਅੱਡੇ ਤੋਂ ਕੱਲ੍ਹ ਨੂੰ ਆਉਣ ਤੇ ਜਾਣ ਵਾਲੀਆਂ 150 ਤੋਂ ਜ਼ਿਆਦਾ ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਜਰਮਨੀ ਵਿੱਚ ਇਸ ਤੂਫਾਨ ਨੂੰ ਸ਼ਬੀਨਾ ਨਾਂ ਦਿੱਤਾ ਗਿਆ ਹੈ।

## ਪਾਕਿਸਤਾਨੀ ਘੋੜਸਵਾਰ ਵੱਲੋਂ ਘੋੜੇ ਦਾ ਨਾਂ ਬਦਲਣ ਤੋਂ ਇਨਕਾਰ

ਕਰਾਚੀ, 10 ਫਰਵਰੀ (ਪੋਸਟ ਬਿਊਰੋ)- ਘੋੜਸਵਾਰੀ ਮੁਕਾਬਲੇ 'ਚ ਪਾਕਿਸਤਾਨ ਲਈ ਉਲੰਪਿਕ ਵਾਸਤੇ ਪਹਿਲੀ ਵਾਰ ਕੁਆਲੀਫਾਈ ਕਰਨ ਵਾਲੇ ਪਾਕਿਸਤਾਨੀ ਘੋੜਸਵਾਰ ਉਸਮਾਨ ਖ਼ਾਨ ਨੇ ਆਪਣੇ ਘੋੜੇ 'ਆਜ਼ਾਦ ਕਸ਼ਮੀਰ' ਦਾ ਨਾਂ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ। ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਅਧਿਕਾਰੀ ਇਸ ਮਾਮਲੇ 'ਤੇ ਕਾਨੂੰਨੀ ਸਲਾਹ ਮਸ਼ਵਰਾ ਲੈਣ 'ਚ ਲੱਗੇ ਹੋਏ ਹਨ ਕਿ ਇਹ ਨਾਂ ਰਾਜਨੀਤੀ ਤੋਂ ਪ੍ਰੇਰਿਤ ਹੈ ਜਾਂ ਨਹੀਂ।

ਵਰਨਣ ਯੋਗ ਹੈ ਕਿ ਉਲੰਪਿਕ ਖੇਡਾਂ 'ਚ ਅਥਲੀਟਾਂ ਨੂੰ ਵਿਰੋਧ ਦਰਜ ਕਰਵਾਉਣ ਅਤੇ ਭਾਵਨਾਵਾਂ ਪ੍ਰਗਟਾਉਣ 'ਤੇ ਰੋਕ ਹੁੰਦੀ ਹੈ। ਉਸਮਾਨ ਨੇ ਕਿਹਾ ਕਿ ਉਹ ਆਪਣੇ ਘੋੜੇ ਦਾ ਨਾਂਅ ਨਹੀਂ ਬਦਲੇਗਾ। ਉਸਨੇ ਡਾਨ ਅਖ਼ਬਾਰ ਨੂੰ ਕਿਹਾ, 'ਇਹ ਬੇਕਾਰ ਦਾ ਮੁੱਦਾ ਹੈ। ਮੇਰੇ ਇਰਾਦੇ ਸਾਫ਼ ਹਨ। ਘੋੜੇ ਦਾ ਨਾਂ ਕਸ਼ਮੀਰ ਦੇ ਹਾਲਾਤ ਦੇਖ ਕੇ ਨਹੀਂ ਰੱਖਿਆ ਗਿਆ।'' ਉਸਮਾਨ



ਆਸਟ੍ਰੇਲੀਆ 'ਚ ਰਹਿੰਦਾ ਹੈ ਅਤੇ ਉਸਨੇ ਅਪ੍ਰੈਲ 2019 'ਚ ਆਪਣੇ ਘੋੜੇ ਦਾ ਨਾਂ ਰਜਿਸਟਰਡ ਕਰਵ-ਾਇਆ ਸੀ। ਉਸਨੇ ਕਿਹਾ, ''ਇਹ ਕਸ਼ਮੀਰ ਦੇ ਮੌਜੂਦਾ ਹਾਲਾਤ ਤੋਂ ਪਹਿਲਾਂ ਹੀ ਹੋ ਚੁੱਕਾ ਸੀ।'' ਉਸਮਾਨ ਨੇ ਕਿਹਾ ਕਿ ਘੋੜੇ ਦਾ ਨਾਂਅ ਪਹਿਲਾਂ 'ਹੀਅਰ ਟੂ ਸਟੇਅ' ਸੀ ਜਿਸ ਨੂੰ ਉਨ੍ਹਾਂ ਨੇ ਖਰੀਦਣ ਮਗਰੋਂ ਬਦਲ ਦਿੱਤਾ ਸੀ। ਉਸਮਾਨ ਨੇ 2014 ਅਤੇ 2018 ਦੀਆਂ ਏਸ਼ਿਆਈ ਖੇਡਾਂ ਲਈ ਕੁਆਲੀਫਾਈ ਕੀਤਾ ਸੀ ਪਰ ਦੋਵਾਂ ਮੌਕਿਆਂ 'ਤੇ ਆਪਣੇ ਘੋੜਿਆਂ 'ਅਲ-ਬੁਰਾਕ' ਦੀ ਯਾਤਰਾ ਲਈ ਪੈਸੇ ਇਕੱਠੇ ਨਹੀਂ ਕਰ ਸਕਿਆ ਸੀ।

## ਬੋਟਸਵਾਨਾ ਨੇ 60 ਹਾਥੀਆਂ ਨੂੰ ਮਾਰਨ ਦੀ ਇਜਾਜ਼ਤ ਦਿੱਤੀ



ਗਬਾਰੋਨੀ, 10 ਫਰਵਰੀ (ਪੋਸਟ ਬਿਊਰੋ)- ਹਾਥੀਆਂ ਦੀ ਲਗਾਤਾਰ ਵਧਦੀ ਗਿਣਤੀ ਤੋਂ ਪਰੇਸ਼ਾਨ ਹੋ ਕੇ ਅਫ਼ਰੀਕੀ ਦੇਸ਼ ਬੋਤਸਵਾਨਾ ਇਨ੍ਹਾਂ ਉੱਤੇ ਕੰਟਰੋਲ ਲਈ ਇਨ੍ਹਾਂ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਦੇ ਲਈ ਬਾਕਾਇਦਾ ਨਿਲਾਮੀ ਹੋਵੇਗੀ। ਸੰਸਾਰ ਵਿੱਚ ਸਭ ਤੋਂ ਵੱਧ ਹਾਥੀ ਇਸੇ ਦੇਸ਼ ਵਿਚ ਹਨ ਤੇ ਇਸ ਸਮੇਂ ਕਰੀਬ 1.30 ਲੱਖ ਹਾਥੀ ਹਨ। ਬੋਤਸਵਾਨਾ ਨੇ ਆਪਣੇ ਦੇਸ਼ ਵਿੱਚ 60 ਹਾਥੀਆਂ ਨੂੰ ਮਾਰਨ ਦਾ ਹੁਕਮ ਦਿੱਤਾ ਅਤੇ ਹਰ ਹਾਥੀ ਦੀ ਕੀਮਤ ਲਾਈ ਹੈ, ਜੋ ਹਾਥੀ ਮਾਰਨ ਵਾਲੀ ਸੰਸਥਾ ਜਾਂ ਏਜੰਸੀ ਤੋਂ ਲਈ ਜਾਵੇਗੀ। ਸਰਕਾਰ ਨੇ 60 ਹਾਥੀ ਮਾਰਨ ਦੇ 6 ਲਾਇਸੈਂਸ ਜਾਰੀ ਕੀਤੇ ਹਨ। ਇਸ ਦੇ ਮੁਤਾਬਕ ਹਰ ਹਾਥੀ ਬਦਲੇ 31 ਲੱਖ ਰੁਪਏ ਦੇ ਬਰਾਬਰ ਕਰੰਸੀ ਸਰਕਾਰੀ ਖਜ਼ਾਨੇ ਨੂੰ ਜਮ੍ਹਾਂ ਕਰਨੀ ਪਵੇਗੀ। ਹਾਥੀਆਂ ਨੂੰ ਮਾਰਨ ਨਾਲ ਸਰਕਾਰ ਨੂੰ 18.60 ਕਰੋੜ ਰੁਪਏ ਦਾ ਲਾਭ ਹੋਵੇਗਾ।

ਇਸ ਸੰਬੰਧ ਵਿੱਚ ਬੋਤਸਵਾਨਾ ਦੇ ਰਾਸ਼ਟਰਪਤੀ ਮੋਕਵਿਤਸੀ ਮਸਿਸੀ ਨੇ ਹਾਥੀ ਨਾ ਮਾਰਨ ਦਾ ਪੰਜ ਸਾਲ ਪੁਰਾਣਾ ਹੁਕਮ ਵਾਪਸ ਲੈ ਲਿਆ ਹੈ। ਇਹ ਇਸ ਲਈ ਕੀਤਾ ਗਿਆ ਹੈ ਕਿ ਬੋਤਸਵਾਨਾ ਵਿੱਚ ਹਾਥੀਆਂ ਦੀ ਆਬਾਦੀ ਬਹੁਤ ਵਧ ਗਈ ਹੈ। ਬੋਤਸਵਾਨਾ ਵਿੱਚ 1990 ਵਿੱਚ ਹਾਥੀਆਂ ਦੀ ਗਿਣਤੀ 80 ਹਜ਼ਾਰ ਸੀ। ਇਹ ਵਧ ਕੇ 1.30 ਲੱਖ ਹੋ ਗਈ ਹੈ। ਹਾਥੀ ਲਗਾਤਾਰ ਇਨਸਾਨੀ ਬਸਤੀਆਂ ਵਿੱਚ ਘੁਸਪੈਠ ਕਰ ਕੇ ਨੁਕਸਾਨ ਕਰਦੇ ਅਤੇ ਕਈ ਵਾਰ ਲੋਕਾਂ ਨੂੰ ਮਾਰ ਦੇਂਦੇ ਹਨ। ਇਸ ਲਈ ਸਰਕਾਰ ਨੇ 60 ਹਾਥੀਆਂ ਨੂੰ ਮਾਰਨ ਦਾ ਹੁਕਮ ਦਿੱਤਾ ਹੈ।

ਜਿਨ੍ਹਾਂ 6 ਏਜੰਸੀਆਂ ਨੂੰ ਹਾਥੀ ਮਾਰਨ ਦਾ ਲਾਇਸੈਂਸ ਦਿੱਤਾ ਗਿਆ ਹੈ, ਉਹ ਇਨ੍ਹਾਂ ਹਾਥੀਆਂ ਨੂੰ ਮਾਰਨ ਤੋਂ ਬਾਅਦ ਇਨ੍ਹਾਂ ਦੇ ਅੰਗ ਵੇਚ ਕੇ ਪੈਸ ਕਮਾਉਣਗੀਆਂ। ਇਸ ਲਈ ਬੋਤਸਵਾਨਾ ਦੀ ਸਰਕਾਰ ਨੇ ਹਰ ਹਾਥੀ ਦੀ ਕੀਮਤ ਤੈਅ ਕੀਤੀ ਹੈ, ਜਿਹੜੀ ਸ਼ਿਕਾਰੀ ਏਜੰਸੀ ਇਹ ਕੀਮਤ ਨਹੀਂ ਦੇਵੇਗੀ, ਉਸ ਨੂੰ ਹਾਥੀ ਨੂੰ ਮਾਰਨ ਨਹੀਂ ਦਿੱਤਾ ਜਾਵੇਗਾ।

## ਟਿੱਡੀਆਂ ਨਾਲ ਨਜਿੱਠਣ ਲਈ ਕੌਮਾਂਤਰੀ ਯਤਨ ਜ਼ਰੂਰੀ : ਯੂ ਐੱਨ

ਅਦੀਸ ਅਬਾਬਾ, 10 ਫਰਵਰੀ (ਪੋਸਟ ਬਿਊਰੋ)- ਯੂ ਐਨ ਜਨਰਲ ਸਕੱਤਰ ਐਂਟੋਨੀਓ ਗੁਤਰਸ ਨੇ ਟਿੱਡੀਆਂ ਦੇ ਕਹਿਰ ਨਾਲ ਨਜਿੱਠਣ ਲਈ ਵੱਡੇ ਕੌਮਾਂਤਰੀ ਯਤਨਾਂ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਿਪਟਣ ਲਈ ਕੌਮਾਂਤਰੀ ਭਾਈਚਾਰੇ ਨੂੰ ਅੱਗੇ ਆਉਣਾ ਚਾਹੀਦਾ ਹੈ। ਪੱਛਮੀ ਅਫਰੀਕਾ ਤੋਂ ਲੈ ਕੇ ਭਾਰਤ ਤੱਕ ਇਸ ਸਮੱਸਿਆ ਤੋਂ ਕਰੀਬ 20 ਦੇਸ਼ ਪ੍ਰਭਾਵਤ ਹਨ। ਟਿੱਡੀਆਂ ਨੇ ਪ੍ਰਭਾਵਤ ਦੇਸ਼ਾਂ ਦੀ ਕਰੋੜਾਂ ਹੈਕਟੇਅਰ ਫਸਲ ਨਸ਼ਟ ਕਰ ਦਿੱਤੀ ਹੈ।

ਇਥੋਪੀਆ ਦੀ ਰਾਜਧਾਨੀ ਵਿੱਚ ਇੱਕ ਪ੍ਰੋਗਰਾਮ ਵਿੱਚ ਐਂਟੋਨੀਓ ਗੁਤਰਸ ਨੇ ਕਿਹਾ ਕਿ ਮੈਂ ਸੰਸਾਰ ਭਾਈਚਾਰੇ ਨੂੰ ਇਸ ਮੁੱਦੇ 'ਤੇ ਤੁਰੰਤ ਕਾਰਵਾਈ ਦੀ ਅਪੀਲ ਕਰਦਾ ਹਾਂ। ਇਸ ਸਮੱਸਿਆ ਨਾਲ ਨਿਪਟਣ ਲਈ ਸਾਡੇ ਕੋਲ ਹਾਲੇ ਵੀ ਮੌਕਾ ਹੈ। ਇਥੋਪੀਆ ਤੇ ਪੂਰਬੀ ਅਫਰੀਕਾ ਵਿੱਚ ਟਿੱਡੀਆਂ ਦੀ ਸਮੱਸਿਆ ਪੌਣਪਾਣੀ ਪਰਿਵਰਤਨ ਨਾਲ ਜੁੜੀ ਹੈ ਤੇ ਉਹ ਦਿਨੋ- ਦਿਨ ਖਰਾਬ ਹੁੰਦੀ ਜਾ ਰਹੀ ਹੈ। ਸਮੁੰਦਰ ਦੇ ਪਾਣੀ ਦੇ ਗਰਮ ਹੋਣ ਦਾ ਸਿੱਧਾ ਮਤਲਬ ਹੈ ਤੂਫਾਨ ਆਉਣ ਦੀ



ਗਿਣਤੀ 'ਚ ਵਾਧਾ। ਇਹ ਸਥਿਤੀ ਟਿੱਡੀਆਂ ਦੇ ਜਣੇਪੇ ਵਿੱਚ ਭੂਮਿਕਾ ਨਿਭਾਉਂਦੀ ਹੈ। ਰੇਗਿਸਤਾਨੀ ਟਿੱਡੀਆਂ ਨੂੰ ਕਰੀਬ ਇੱਕ ਦਰਜਨ ਨਸਲਾਂ ਵਿੱਚੋਂ ਸਭ ਤੋਂ ਖਤਰਨਾਕ ਮੰਨਿਆ ਜਾਂਦਾ ਹੈ। ਯੂ ਐੱਨ ਖੁਰਾਕ ਅਤੇ ਖੇਤੀ ਸੰਗਠਨ (ਐੱਫ ਏ ਓ) ਨੇ ਪਿੱਛੇ ਜਿਹੇ ਕਿਹਾ ਸੀ ਕਿ ਹਾਰਨ ਆਫ ਅਫਰੀਕਾ ਖੇਤਰ ਟਿੱਡੀਆਂ ਤੋਂ ਦੁਨੀਆ ਦੇ ਤਿੰਨ ਸਭ ਤੋਂ ਪ੍ਰਭਾਵਤ ਰੇਗਿਸਤਾਨੀ ਇਲਾਕਿਆਂ ਵਿੱਚੋਂ ਇੱਕ ਹੈ। ਅਫਰੀਕੀ ਮਹਾਂਦੀਪ ਦੇ ਸਭ ਤੋਂ ਪੂਰਬੀ ਹਿੱਸੇ ਨੂੰ ਹਾਰਨ ਆਫ ਅਫਰੀਕਾ ਕਿਹਾ ਜਾਂਦਾ ਹੈ। ਐੱਫ ਏ ਓ ਦੇ ਮੁਤਾਬਕ ਟਿੱਡੀਆਂ ਇਥੋਪੀਆ ਅਤੇ ਸੋਮਾਲੀਆ ਤੋਂ ਕੇਨੀਆ ਜਾ ਰਹੀਆਂ ਹਨ। ਮਾਹਰਾਂ ਦਾ ਕਹਿਣਾ ਹੈ ਕਿ ਜੇ ਇਨ੍ਹਾਂ ਨੂੰ ਜਲਦੀ ਨਹੀਂ ਰੋਕਿਆ ਤਾਂ ਜਲਦ ਹੀ ਇਹ ਯੁਗਾਂਡਾ ਅਤੇ ਸੂਡਾਨ ਤੱਕ ਪਹੁੰਚ ਜਾਣਗੀਆਂ।

## ਕੁੜੀ ਨਾਲ ਟਿਕ-ਟੌਕ ਬਣਾਈ, ਭੜਕੇ ਹੋਏ ਕੁੜੀ ਦੇ ਭਰਾ ਨੇ ਮੁੰਡੇ ਨੂੰ ਨੰਗਾ ਕਰ ਕੇ ਘੁਮਾਇਆ

ਜੈਪੁਰ, 10 ਫਰਵਰੀ (ਪੋਸਟ ਬਿਊਰੋ)- ਰਾਜਸਥਾਨ ਦੀ ਰਾਜਧਾਨੀ ਜੈਪੁਰ ਦੇ ਜਵਾਹਰ ਨਗਰ ਖੇਤਰ ਦੇ ਇਕ ਨੌਜਵਾਨ ਦਾ ਸੋਸ਼ਲ ਮੀਡੀਆ ਐਪ ਟਿਕ-ਟੌਕ ਉੱਤੇ ਲੜਕੀ ਨਾਲ ਵੀਡੀਓ ਬਣਾਉਣਾ ਉਸ ਨੂੰ ਭਾਰੀ ਪੈ ਗਿਆ। ਉਸ ਲੜਕੀ ਦੇ ਪਰਿਵਾਰ ਨੇ ਉਸ ਨੂੰ ਕੁਟਿਆ ਤੇ ਨੰਗਾ ਕਰ ਕੇ ਸ਼ਹਿਰ ਵਿਚ ਘੁਮਾਇਆ। ਨੌਜਵਾਨ ਉੱਤੇ ਦੋਸ਼ ਹੈ ਕਿ ਉਸ ਨੇ 14 ਸਾਲਾ ਲੜਕੀ ਨਾਲ ਵੀਡੀਓ ਬਣਾਈ ਤੇ ਇਸ ਨੂੰ ਟਿਕ-ਟੌਕ ਉੱਤੇ ਅਪਲੋਡ ਕੀਤਾ। ਇਸ ਤੋਂ ਗੁੱਸੇ ਵਿੱਚ ਆਏ ਲੜਕੀ ਦੇ ਭਰਾ ਅਤੇ ਉਸ ਦੇ ਸਾਥੀਆਂ ਨੇ ਨੌਜਵਾਨ ਨੂੰ ਸੜਕ ਉੱਤੇ ਨੰਗਾ ਘੁੰਮਾਇਆ।

ਪੁਲਿਸ ਨੇ ਦੱਸਿਆ ਕਿ ਪੀੜਤ ਨੌਜਵਾਨ 14 ਸਾਲ ਦੀ ਲੜਕੀ ਨੂੰ ਪਹਿਲਾਂ ਤੋਂ ਜਾਣਦਾ ਸੀ ਤੇ ਦੋਵਾਂ ਦੀ ਗੱਲਬਾਤ ਚੱਲਦੀ ਸੀ। ਇਸ ਦੌਰਾਨ ਨੌਜਵਾਨ ਨੇ ਲੜਕੀ ਨਾਲ ਵੀਡੀਓ ਬਣਾਈ ਅਤੇ




ਟਿਕ-ਟੌਕ ਉੱਤੇ ਪਾ ਦਿੱਤੀ। ਜਦੋਂ ਲੜਕੀ ਦੇ ਪਰਿਵਾਰ ਇਸ ਵੀਡੀਓ ਦਾ ਪਤਾ ਲੱਗਾ ਤਾਂ ਗੁੱਸੇ ਵਿੱਚ ਆਏ ਪਰਿਵਾਰ ਅਤੇ ਲੜਕੀ ਦੇ ਭਰਾਵਾਂ ਤੇ ਉਸ ਦੇ ਸਾਥੀਆਂ ਨੇ ਉਸ ਨੌਜਵਾਨ ਨੂੰ ਬੈਲਟ ਅਤੇ ਲੱਤਾਂ ਨਾਲ ਕੁੱਟਿਆ। ਫਿਰ ਉਸ ਨੂੰ ਮਾਰਕੀਟ ਵਿਚਕਾਰਲੀ ਸੜਕ ਤੱਕ ਨੰਗਾ ਘੁਮਾਇਆ ਗਿਆ। ਇਸ ਘਟਨਾ ਤੋਂ ਬਾਅਦ ਉਨ੍ਹਾਂ ਨੇ ਨੌਜਵਾਨ ਦੀ ਨਗਨ ਵੀਡੀਓ ਬਣਾਈ ਤੇ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦਿੱਤੀ। ਜਦੋਂਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਤਾਂ ਪੁਲਿਸ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777

416.802.5866

31 Melanie Dr. Unit #4 Brampton, ON L6T 5H8




Bramalea / Sandalwood

ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

## ਸਰਕਾਰ ਵੱਲੋਂ ਸੰਕੇਤ, ਹੋਰ ਬੈਂਕਾਂ ਦਾ ਰਲੇਵਾਂ ਵੀ ਹੋ ਸਕਦੈ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਅਜੇ ਹੋਰ ਬੈਂਕਾਂ ਦੇ ਰਲੇਵੇਂ ਅਤੇ ਏਕੀਕਰਨ ਦਾ ਬਦਲ ਖੁੱਲ੍ਹਾ ਹੋਇਆ ਹੈ ਅਤੇ ਸਰਕਾਰ ਲੋੜ ਮੁਤਾਬਕ ਇਸ ਦਾ ਫੈਸਲਾ ਕਰ ਸਕਦੀ ਹੈ।

ਇਹ ਗੱਲ ਭਾਰਤ ਦੇ ਵਿੱਤ ਰਾਜ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਕਹੀ ਹੈ। ਪਿਛਲੇ ਸਾਲ ਸਰਕਾਰ ਨੇ ਜਨਤਕ ਖੇਤਰ ਦੇ 10 ਬੈਂਕਾਂ ਦਾ ਰਲੇਵਾਂ ਕੁੱਲ ਚਾਰ ਬੈਂਕਾਂ ਵਿੱਚ ਕਰਨ ਦਾ ਐਲਾਨ ਕੀਤਾ ਸੀ। ਇਸ ਪ੍ਰਕਿਰਿਆ ਨਾਲ ਅਪ੍ਰੈਲ ਤੋਂ ਛੇ ਕੌਮਾਂਤਰੀ ਪੱਧਰ ਦੇ ਬੈਂਕ ਬਣ ਜਾਣਗੇ ਅਤੇ ਜਨਤਕ ਖੇਤਰ ਦੇ ਬੈਂਕਾਂ ਦੀ ਗਿਣਤੀ ਘੱਟ ਕੇ 12 ਰਹਿ ਜਾਵੇਗੀ, ਜੋ ਸਾਲ 2017 ਵਿੱਚ 27 ਹੁੰਦੀ ਸੀ। ਅਨੁਰਾਗ ਠਾਕੁਰ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਅਸੀਂ ਸਫਲਤਾ ਨਾਲ ਬੈਂਕਾਂ ਦਾ ਰਲੇਵਾਂ ਤੇ ਮੁੜ ਪੂੰਜੀਕਰਨ ਕੀਤਾ ਹੈ। ਇਨਸਾਲਵੈਂਸ ਐਂਡ ਬੈਂਕ੍ਰਪਸੀ ਕੋਡ (ਆਈ ਬੀ ਸੀ) ਪ੍ਰਕਿਰਿਆ ਸਫਲ ਰਹੀ ਹੈ। ਇਸ ਦੇ ਨਾਲ ਬੈਂਕਾਂ ਨੂੰ ਚਾਰ ਲੱਖ ਕਰੋੜ ਰੁਪਏ ਵਾਪਸ ਮਿਲੇ ਹਨ। ਉਨ੍ਹਾਂ ਸੰਕੇਤ ਦਿੱਤਾ ਕਿ ਲੋੜ ਮੁਤਾਬਕ ਅੱਗੇ ਹੋਰ ਬੈਂਕਾਂ ਦਾ ਵੀ ਰਲੇਵਾਂ ਕੀਤਾ ਜਾਵੇਗਾ। ਠਾਕੁਰ ਨੇ ਕਿਹਾ ਕਿ ਵੱਡੇ ਬੈਂਕਾਂ ਦੀ ਪਹੁੰਚ ਵੱਧ ਹੋਵੇਗੀ। ਉਨ੍ਹਾਂ ਦੀ ਕਰਜ਼ਾ ਦੇਣ ਦੀ ਸਮਰੱਥਾ ਬਿਹਤਰ ਹੋਵੇਗੀ ਤੇ ਵਧੀਆ ਉਤਪਾਦਾਂ ਅਤੇ ਤਕਨੀਕ ਨਾਲ ਉਹ ਗ੍ਰਾਹਕਾਂ ਨੂੰ ਸੇਵਾਵਾਂ ਦੇ ਸਕਣਗੇ।

## ਸਨਅਤੀ ਮੰਦੀ ਕਾਰਨ ਵਿਭਾਗਾਂ ਦੀਆਂ ਰਕਮਾਂ ਰਾਜ ਸਰਕਾਰ ਵੱਲ ਫਸੀਆਂ

ਜਲੰਧਰ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਸਨਅਤੀ ਮੰਦੀ ਦਾ ਅਸਰ ਇਸ ਰਾਜ 'ਚ ਚਲਾਈਆਂ ਜਾਂਦੀਆਂ ਸਕੀਮਾਂ 'ਤੇ ਪੈਣਾ ਸ਼ੁਰੂ ਹੋ ਗਿਆ ਹੈ, ਜਿਸ ਦਾ ਸਭ ਤੋਂ ਵੱਧ ਅਸਰ ਖੇਤੀ ਸੈਕਟਰ ਲਈ ਅਹਿਮ ਮੰਨੇ ਜਾਂਦੇ ਪਾਵਰਕਾਮ 'ਤੇ ਪੈ ਰਿਹਾ ਹੈ, ਜਿਸ ਦੀ 6200 ਕਰੋੜ ਰੁਪਏ ਦੀ ਸਬਸਿਡੀ ਦੀ ਰਕਮ ਫਸੀ ਹੋਈ ਹੈ। ਸਾਲ 2020 ਦੇ ਮਾਰਚ ਤੱਕ ਇਹ ਸਬਸਿਡੀ ਦੀ ਰਕਮ ਵਧ ਕੇ 7200 ਕਰੋੜ ਹੋ ਜਾਵੇਗੀ।




ਕਿਸੇ ਵੀ ਰਾਜ ਲਈ ਸਨਅਤੀ ਖੇਤਰ ਕਾਫ਼ੀ ਅਹਿਮ ਹੁੰਦਾ ਹੈ, ਕਿਉਂਕਿ ਸਨਅਤੀ ਖੇਤਰ ਤੋਂ ਆਏ ਮਾਲੀਏ ਨਾਲ ਨਾ ਸਿਰਫ਼ ਸਕੀਮਾਂ ਚਲਾਈਆਂ ਜਾਂਦੀਆਂ ਹਨ, ਸਗੋਂ ਸਨਅਤੀ ਖੇਤਰ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਰੁਜ਼ਗਾਰ ਦੇਂਦਾ ਹੈ। ਰਾਜ ਸਰਕਾਰ ਲਈ ਸੰਕਟ ਬੀਤੇ ਮਹੀਨੇ ਓਦੋਂ ਸਾਹਮਣੇ ਆਇਆ ਸੀ ਜਦੋਂ ਕੇਂਦਰ ਵੱਲੋਂ ਜੀ ਐਸ ਟੀ ਵਸੂਲੀ ਦਾ ਬਣਦਾ ਹਿੱਸਾ ਨਾ ਮਿਲਣ ਕਾਰਨ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਫਸ ਗਈਆਂ ਸਨ, ਸਗੋਂ ਪਾਵਰਕਾਮ ਨੂੰ ਸਬਸਿਡੀ ਦੀ ਮਿਲ ਰਹੀ ਰਕਮ ਵੀ ਫਸ ਗਈ ਸੀ। ਬਾਅਦ 'ਚ 200 ਕਰੋੜ ਰੁਪਏ ਪਾਵਰਕਾਮ ਲਈ ਜਾਰੀ ਕੀਤੇ ਗਏ ਸਨ।

ਕੇਂਦਰ ਸਰਕਾਰ ਨੇ ਪੰਜਾਬ ਦੇ ਜੀ ਐਸ ਟੀ ਦਾ ਹਿੱਸਾ ਜਾਰੀ ਕਰਨ ਵਿੱਚ ਦੇਰੀ ਲਾਈ ਸੀ, ਪਰ ਪੰਜਾਬ ਵਿੱਚ ਵੀ ਆਪਣੀ ਜੀ ਐਸ ਟੀ ਦਾ ਤਸੱਲੀ ਵਾਲਾ ਵਾਧਾ ਨਹੀਂ ਹੋਇਆ। ਪਾਵਰਕਾਮ ਨੇ ਸਾਲ 2020-21 ਲਈ ਬਿਜਲੀ ਮਹਿੰਗੀ ਕਰਨ ਲਈ ਪੰਜਾਬ ਬਿਜਲੀ ਅਥਾਰਿਟੀ ਕਮਿਸ਼ਨ ਕੋਲ ਪਾਈ ਪਟੀਸ਼ਨ 'ਚ ਜ਼ਿਕਰ ਕੀਤਾ ਸੀ ਕਿ ਰਾਜ ਵਿੱਚ ਸਨਅਤੀ ਖੇਤਰ 'ਚ ਬਿਜਲੀ ਖਪਤ 10 ਫ਼ੀਸਦੀ ਦੇ ਕਰੀਬ ਘਟ ਗਈ ਹੈ। ਸਨਅਤੀ ਖੇਤਰ ਵਿੱਚ ਜੀ ਐਸ ਟੀ ਵਸੂਲੀ ਘਟਣ ਕਰ ਕੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਸਕੀਮਾਂ 'ਤੇ ਇਸ ਦਾ ਅਸਰ ਪੈਣ ਲੱਗ ਪਿਆ ਹੈ। ਇੱਕ ਪਾਸੇ ਬਿਜਲੀ ਦੀ ਸਬਸਿਡੀ ਦੀ ਰਕਮ ਸਮੇਂ ਸਿਰ ਨਹੀਂ ਦਿੱਤੀ ਜਾ ਰਹੀ, ਦੂਜੇ ਪਾਸੇ ਦੋ ਰੁਪਏ ਕਿੱਲੋਂ 'ਚ ਦਿੱਤੀ ਜਾਣ ਵਾਲੀ ਕਣਕ ਜਾਰੀ ਕਰਨ 'ਚ ਦੇਰੀ ਹੋ ਰਹੀ ਹੈ। ਸਰਕਾਰ ਨੇ ਚੋਣ ਮਨੋਰਥ ਪੱਤਰ 'ਚ ਸਮਾਰਟ ਫ਼ੋਨ, ਘਿਉ, ਖੰਡ ਤੇ ਹੋਰ ਸਾਮਾਨ ਦੇਣ ਦਾ ਵਾਅਦਾ ਕੀਤਾ ਸੀ ਪਰ ਫ਼ੰਡ ਸੰਕਟ ਕਰਕੇ ਰਾਜ ਸਰਕਾਰ ਲਈ ਸਕੀਮਾਂ ਚਲਾਉਣੀਆਂ ਔਖੀਆਂ ਲੱਗ ਰਹੀਆਂ ਹਨ।

ਪੰਜਾਬ ਦੇ ਸਨਅਤੀ ਖੇਤਰ ਨੂੰ ਮਹਿੰਗੀ ਬਿਜਲੀ ਦੇ ਕੇ ਵੀ ਉਨ੍ਹਾਂ 'ਤੇ ਭਾਰ ਪਾਇਆ ਜਾ ਰਿਹਾ ਹੈ, ਜਦ ਕਿ ਰਾਜ 'ਚ ਵਾਧੂ ਬਿਜਲੀ ਹੋਣ ਦੇ ਬਾਵਜੂਦ ਸਨਅਤੀ ਇਕਾਈਆਂ ਨੂੰ ਰਾਤ ਜਾਂ ਪੀਕ ਲੋਡ ਵੇਲੇ ਸਥਿਤੀ ਬਿਜਲੀ ਦੇਣ ਦੀ ਛੋਟ ਦਿੱਤੀ ਗਈ ਤਾਂ ਉਸ ਸਮੇਂ ਮਹਿੰਗਾ ਸਰਚਾਰਜ ਲਾਗੂ ਕਰ ਦਿੱਤਾ ਗਿਆ ਸੀ, ਜਿਸ ਕਰਕੇ ਸਨਅਤੀ ਖੇਤਰ ਨੂੰ ਇਸ ਦਾ ਨੁਕਸਾਨ ਹੋਇਆ ਸੀ। ਵਰਨਣ ਯੋਗ ਹੈ ਕਿ ਸਮੇਂ ਸਿਰ ਕੋਈ ਪ੍ਰਬੰਧ ਨਾ ਹੋਣ ਕਰਕੇ ਸਾਲਾਨਾ ਕਰੋੜਾਂ ਰੁਪਏ ਦਾ ਮਾਲੀਆ ਦੇਣ ਵਾਲੀਆਂ ਚਮੜਾ ਫ਼ੈਕਟਰੀਆਂ ਬੰਦ ਪਈਆਂ ਹਨ।

## ਪੰਜਾਬ ਸੂਚਨਾ ਕਮਿਸ਼ਨ ਨੇ ਬੀ ਡੀ ਓ ਗੜ੍ਹਸ਼ੰਕਰ ਨੂੰ 25 ਹਜ਼ਾਰ ਰੁਪਏ ਹਰਜਾਨਾ ਲਾਇਆ

ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਹੁਕਮ ਨੂੰ ਹਲਕੇ ਵਿੱਚ ਲੈਣਾ ਗੜ੍ਹਸ਼ੰਕਰ ਦੀ ਬਲਾਕ ਡਿਵੈਲਪਮੈਂਟ ਤੇ ਪੰਚਾਇਤ ਅਫਸਰ (ਬੀ ਡੀ ਪੀ ਓ) ਮਹਿੰਦਰਜੀਤ ਕੌਰ ਨੂੰ ਸੂਚਨਾ ਅਧਿਕਾਰੀ ਵਜੋਂ ਭਾਰੀ ਪਿਆ ਹੈ। ਸੂਚਨਾ ਕਮਿਸ਼ਨਰ ਅਵਤਾਰ ਸਿੰਘ ਕਲੇਰ ਨੇ ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਮਾਇਰਾ ਦੇ ਗੁਰਮੁਖ ਸਿੰਘ ਦੀ ਸ਼ਿਕਾਇਤ ਦੀ ਸੁਣਵਾਈ ਮੌਕੇ ਮਹਿੰਦਰਜੀਤ ਕੌਰ 'ਤੇ 25000 ਜੁਰਮਾਨਾ ਲਾਉਣ ਦੇ ਹੁਕਮ ਦਿੱਤੇ ਹਨ।

ਪਤਾ ਲੱਗਾ ਹੈ ਕਿ ਇਸ ਹੁਕਮ ਅਨੁਸਾਰ ਮਹਿੰਦਰਜੀਤ ਕੌਰ ਨੂੰ ਬੀਤੀ 26 ਨਵੰਬਰ ਨੂੰ ਪਿਛਲੀ ਸੁਣਵਾਈ ਦੌਰਾਨ ਨੋਟਿਸ ਦਿੱਤਾ ਗਿਆ ਸੀ ਕਿ ਬਿਨੈਕਾਰ ਨੂੰ ਸੂਚਨਾ ਨਾ ਦੇਣ ਕਾਰਨ ਉਨ੍ਹਾਂ 'ਤੇ ਸੂਚਨਾ ਐਕਟ ਦੀ ਧਾਰਾ 20 (1) ਤਹਿਤ ਜੁਰਮਾਨਾ ਕਿਉਂ ਨਾ ਲਾਇਆ ਜਾਵੇ। ਕਮਿਸ਼ਨ ਨੇ ਮਹਿੰਦਰਜੀਤ ਕੌਰ ਨੂੰ ਆਪਣਾ ਪੱਖ ਰੱਖਣ ਲਈ ਅੰਤਿਮ ਮੌਕਾ ਦੇਣ ਦੇ ਲਈ ਪੰਜ ਫਰਵਰੀ ਨੂੰ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਤੇ ਆਪਣਾ ਜਵਾਬ ਐਫੀਡੇਵਿਟ ਰਾਹੀਂ ਪੇਸ਼ ਕਰਨ ਲਈ ਕਿਹਾ ਸੀ, ਪਰ ਪੰਜ ਫਰਵਰੀ ਨੂੰ ਨਾ ਮਹਿੰਦਰਜੀਤ ਕੌਰ ਕਮਿਸ਼ਨ ਦੇ ਸਾਹਮਣੇ ਖੁਦ ਪੇਸ਼ ਹੋਈ ਅਤੇ ਨਾ ਆਪਣਾ ਪੱਖ ਰੱਖਿਆ। ਇਸ ਕਾਰਨ ਸੂਚਨਾ ਕਮਿਸ਼ਨਰ ਅਵਤਾਰ ਸਿੰਘ ਕਲੇਰ ਨੇ ਮਹਿੰਦਰਜੀਤ ਕੌਰ 'ਤੇ 25 ਹਜ਼ਾਰ ਦਾ ਜੁਰਮਾਨਾ ਲਾਉਣ ਦੇ ਹੁਕਮ ਦਿੰਦਿਆਂ ਇਸ ਦੀ ਰਿਕਵਰੀ ਉਸ ਦੀ ਤਨਖਾਹ ਵਿੱਚੋਂ ਕੀਤੇ ਜਾਣ ਦੇ ਨਿਰਦੇਸ਼ ਦਿੱਤੇ ਹਨ। ਇਸ ਹੁਕਮ ਵਿੱਚ ਟਿੱਪਣੀ ਕੀਤੀ ਗਈ ਹੈ ਕਿ ਮਹਿੰਦਰਜੀਤ ਕੌਰ ਨੇ 22 ਮਹੀਨੇ ਬੀਤਣ ਪਿੱਛੋਂ ਵੀ ਨਾ ਤਾਂ ਬਿਨੈਕਾਰ ਨੂੰ ਜਾਣਕਾਰੀ ਦਿੱਤੀ ਅਤੇ ਨਾ ਕੋਈ ਜਵਾਬ ਦਿੱਤਾ ਅਤੇ ਕਮਿਸ਼ਨ ਦੇ ਨੋਟਿਸ 'ਤੇ ਪੇਸ਼ ਨਹੀਂ ਹੋਈ ਅਤੇ ਨਾ ਆਪਣਾ ਜਵਾਬ ਦਾਇਰ ਕੀਤਾ।

## ਮੋਟਰ ਸਾਈਕਲ ਨਾਲ ਟਰੈਕਟਰ ਦੀ ਟੱਕਰ ਵਿੱਚ ਇੱਕ ਮੌਤ

ਕਪੂਰਥਲਾ, 10 ਫਰਵਰੀ (ਪੋਸਟ ਬਿਊਰੋ)- ਕਪੂਰਥਲਾ-ਨਕੋਦਰ ਰੋਡ 'ਤੇ ਸੜਕ 'ਚ ਖੜ੍ਹੇ ਟਰੈਕਟਰ ਟਰਾਲੀ ਨਾਲ ਹੋਈ ਟੱਕਰ 'ਚ ਮੋਟਰ ਸਾਈਕਲ ਸਵਾਰ ਇੱਕ ਨੌਜਵਾਨ ਦੀ ਮੌਤ ਅਤੇ ਦੂਸਰੇ ਦੇ ਗੰਭੀਰ ਜ਼ਖਮੀ ਹੋਣ ਦੀ ਖਬਰ ਹੈ, ਜਿਸ ਨੂੰ ਇਲਾਜ ਲਈ ਜਲੰਧਰ ਰੈਫਰ ਕਰ ਦਿੱਤਾ ਗਿਆ ਹੈ। ਇਸ ਬਾਰੇ ਥਾਣਾ ਕੋਤਵਾਲੀ ਕਪੂਰਥਲਾ ਦੀ ਪੁਲਸ ਨੇ ਇੱਕ ਮੁਲਜ਼ਮ ਵਿਰੁੱਧ ਕੇਸ ਦਰਜ ਕਰ ਲਿਆ ਹੈ। ਦੋਸ਼ੀ ਫਰਾਰ ਦੱਸਿਆ ਜਾ ਰਿਹਾ ਹੈ।

ਬਲਵਿੰਦਰ ਸਿੰਘ ਪੁੱਤਰ ਲਾਲ ਚੰਦ ਪਿੰਡ ਕੁਲਾਰਾ ਥਾਣਾ ਸ਼ਾਹਕੋਟ ਜ਼ਿਲਾ ਜਲੰਧਰ ਨੇ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਭਤੀਜੇ ਰਵੀ ਤੇ ਉਸ ਦੇ ਦੋਸਤ ਮਨਦੀਪ ਸਿੰਘ ਆਪੋ-ਆਪਣੇ ਮੋਟਰ ਸਾਈਕਲ 'ਤੇ ਪਿੰਡ ਵੱਲ ਜਾ ਰਹੇ ਸਨ ਤਾਂ ਸ਼ਾਮ ਕਰੀਬ 6.30 ਵਜੇ ਸੜਕ ਦੇ ਕੰਢੇ ਇੱਕ ਟਰੈਕਟਰ ਟਰਾਲੀ ਖੜ੍ਹੀ ਸੀ, ਹਨੇਰੇ ਕਾਰਨ ਉਸ ਦੇ ਭਤੀਜੇ ਦੇ ਦੋਸਤ ਮਨਦੀਪ ਸਿੰਘ ਨੂੰ ਪਤਾ ਨਹੀਂ ਲੱਗਾ ਅਤੇ ਮੋਟਰ ਸਾਈਕਲ ਦੀ ਟਰਾਲੀ ਨਾਲ ਟੱਕਰ ਹੋ ਗਈ ਜਿਸ ਦੌਰਾਨ ਮਨਦੀਪ ਸਿੰਘ ਦੇ ਪਿੱਛੇ ਬੈਠੇ ਉਸ ਦੇ ਭਤੀਜੇ ਰਵੀ ਕੁਮਾਰ ਦੇ ਸਿਰ 'ਤੇ ਗੰਭੀਰ ਸੱਟਾਂ ਆਈਆਂ ਅਤੇ ਉਸ ਦਾ ਦੋਸਤ ਮਨਦੀਪ ਸਿੰਘ ਗੰਭੀਰ ਜ਼ਖਮੀ ਹੋ ਗਿਆ। ਟਰੈਕਟਰ ਟਰਾਲੀ ਪਰਵਾਸੀ ਮਜ਼ਦੂਰ ਹੈਪੀ ਸ਼ਰਮਾ ਨੇ ਖੜ੍ਹਾ ਕੀਤਾ ਸੀ। ਪੁਲਸ ਨੇ ਦੋਸ਼ੀ ਹੈਪੀ ਸ਼ਰਮਾ ਦੀ ਤਲਾਸ਼ ਜਾਰੀ ਹੈ।

## ...ਜਦੋਂ ਇੱਕ ਲਾੜਾ ਟਰੈਕਟਰ ਉੱਤੇ ਡੋਲੀ ਲੈਣ ਪੁੱਜਾ

ਜਲੰਧਰ, 10 ਫਰਵਰੀ (ਪੋਸਟ ਬਿਊਰੋ)- ਵਿਆਹਾਂ 'ਤੇ ਭਾਵੇਂ ਕਿੰਨਾ ਖਰਚਾ ਕਿਉਂ ਨਾ ਕੀਤਾ ਜਾਵੇ, ਡੋਲੀ ਰਵਾਨਾ ਕਰਦੇ ਸਮੇਂ ਦੋਵਾਂ ਪਰਵਾਰਾਂ ਦੀ ਨਜ਼ਰ ਡੋਲੀ ਵਾਲੀ ਕਾਰ 'ਤੇ ਹੁੰਦੀ ਹੈ। ਇਸ ਨੂੰ ਫੁੱਲਾਂ ਨਾਲ ਵਿਸ਼ੇਸ਼ ਰੂਪ ਵਿੱਚ ਸਜਾਇਆ ਜਾਂਦਾ ਹੈ। ਪੰਜਾਬੀਆਂ ਦੇ ਸ਼ੌਕ ਲਿਮੋਜਿਨ ਤੋਂ ਘੱਟ ਨਹੀਂ, ਪਰ ਸ਼ਹਿਰ ਦੇ ਰਾਜਾ ਗਾਰਡਨ ਵਿੱਚ ਕੱਲ੍ਹ ਵਿਆਹ ਹੋਇਆ ਤਾਂ ਡੋਲੀ ਵਾਲੀ ਕਾਰ ਦੀ ਉਡੀਕ ਕਰਦੇ ਬਰਾਤੀ ਤੇ ਲੜਕੀ ਵਾਲੇ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਲਾੜਾ ਕੋਈ ਕਾਰ ਜਾਂ ਜੀਪ ਨਹੀਂ, ਬਲਕਿ ਫੁੱਲਾਂ ਨਾਲ ਸਜਿਆ ਹੋਇਆ ਟਰੈਕਟਰ ਲੈ ਕੇ ਪਹੁੰਚ ਗਿਆ।




ਅਸਲ ਵਿੱਚ ਨਿਊ ਹਰਬੰਸ ਨਗਰ ਦੀ ਵਸਨੀਕ ਜੈਸਮੀਨ ਨੇ ਵਿਆਹ ਤੋਂ ਪਹਿਲਾਂ ਹੋਣ ਵਾਲੇ ਪਤੀ ਅਜੇ ਕੋਲ ਇਹ ਇੱਛਾ ਰੱਖੀ ਸੀ। ਪੰਜਾਬ ਦੇ ਸਭਿਆਚਾਰ ਮੁਤਾਬਕ ਡੋਲੀ ਦਾ ਘਰੋਂ ਰਵਾਨਾ ਹੋਣਾ ਮਕਸਦ ਸੀ। ਮਜ਼ਬੂਤ ਚਰਿੱਤਰ ਦੀ ਪਛਾਣ ਅਤੇ ਖੇਤਾਂ 'ਚ ਮਿੱਟੀ 'ਚ ਸੋਨਾ ਉਗਾਉਣ ਦੀ ਤਾਕਤ ਰੱਖਣ ਵਾਲੇ ਟਰੈਕਟਰ 'ਤੇ ਡੋਲੀ ਲੈ ਕੇ ਜਾਣ ਦੀ ਇੱਛਾ ਜ਼ਾਹਰ ਕਰਦੇ ਸਾਰ ਅਜੇ ਨੇ ਪਹਿਲਾਂ ਤੋਂ ਮਨ ਬਣਾ ਲਿਆ ਸੀ ਕਿ ਉਹ ਡੋਲੀ ਟਰੈਕਟਰ ਉਤੇ ਲੈ ਕੇ ਜਾਵੇਗਾ। ਦਿਨ ਵੇਲੇ ਵਿਆਹ 'ਚ ਸਭ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਆਪਣੇ ਨਿਵਾਸ ਅਸਥਾਨ ਨਿਊ ਹਰਬੰਸ ਨਗਰ ਤੋਂ ਜੈਸਮੀਨ ਦੀ ਡੋਲੀ ਰਵਾਨਾ ਕੀਤੀ ਗਈ, ਜੋ ਲਾੜੇ ਦੇ ਰਾਜਾ ਗਾਰਡਨ ਵਾਲੇ ਘਰ ਪਹੁੰਚੀ। ਖਾਸ ਗੱਲ ਇਹ ਰਹੀ ਕਿ ਡੋਲੀ ਦੇ ਮਾਰਗ 'ਚ ਲੋਕ ਮੋਬਾਇਲ 'ਚ ਵੀਡੀਓ ਬਣਾਉਂਦੇ ਰਹੇ ਤੇ ਕਈਆਂ ਲੋਕਾਂ ਨੇ ਸੈਲਫੀ ਵੀ ਲਈ। ਜੈਸਮੀਨ ਫੈਸ਼ਨ ਡਿਜ਼ਾਈਨਰ ਹੈ ਤੇ ਅਜੇ ਬਹਿਰੀਨ 'ਚ ਟਰਾਂਸਪੋਰਟ ਕਾਰੋਬਾਰ ਕਰਦਾ ਹੈ। ਜੈਸਮੀਨ ਦੱਸਦੀ ਹੈ ਕਿ ਉਹ ਇਸ ਵਿਆਹ ਨੂੰ ਯਾਦਗਾਰ ਬਣਾਉਣਾ ਚਾਹੁੰਦੀ ਸੀ। ਇਸ ਦੇ ਨਾਲ ਪੰਜਾਬ ਤੇ ਪੰਜਾਬੀ ਸੱਭਿਆਚਾਰ ਦਾ ਟਚ ਵੀ ਦੇਣਾ ਉਸ ਦੀ ਇੱਛਾ ਸੀ ਜਿਸ ਤਹਿਤ ਉਸ ਨੇ ਹੋਰ ਕਿਸੇ ਰਸਮ ਦੀ ਬਜਾਏ ਡੋਲੀ ਦੀ ਰਸਮ ਨੂੰ ਹੀ ਰਵਾਇਤੀ ਬਣਾਉਣਾ ਦਾ ਫ਼ੈਸਲਾ ਕੀਤਾ ਜਿਸ ਨੂੰ ਗੱਲਾਂ-ਗੱਲਾਂ ਵਿੱਚ ਅਜੇ ਨਾਲ ਸ਼ੇਅਰ ਵੀ ਕੀਤਾ ਸੀ, ਜਿਸ ਨੂੰ ਪੂਰਾ ਕਰ ਕੇ ਅਜੇ ਨੇ ਉਸ ਨੂੰ ਸਰਪ੍ਰਾਈਜ਼ ਦਿੱਤਾ ਹੈ।

## ਇੰਸ਼ੋਰੈਂਸ ਕੰਪਨੀ ਨੂੰ 20 ਲੱਖ ਰੁਪਏ ਕਲੇਮ ਦੇਣ ਦੇ ਹੁਕਮ

ਜਲੰਧਰ, 10 ਫਰਵਰੀ (ਪੋਸਟ ਬਿਊਰੋ)- ਪੁਰਾਣੀ ਬਿਮਾਰੀ ਦੀ ਗੱਲ ਕਹਿ ਕੇ ਕਲੇਮ ਰੱਦ ਕਰਨ ਦੇ ਫ਼ੈਸਲੇ ਨੂੰ ਪਲਟਦੇ ਹੋਏ ਜ਼ਿਲ੍ਹਾ ਕੰਜ਼ਿਊਮਰ ਫੋਰਮ ਨੇ ਇੰਸ਼ੋਰੈਂਸ ਕੰਪਨੀ ਨੂੰ ਵੀਹ ਲੱਖ ਰੁਪਏ ਦੇਣ ਦੇ ਹੁਕਮ ਦਿੱਤੇ ਹਨ।

ਅਜਿੰਦਰ ਕੌਰ ਵਾਸੀ ਜਲੰਧਰ ਵਿਹਾਰ, ਕਪੂਰਥਲਾ ਰੋਡ ਨੇ ਫੋਰਮ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਨੇ ਸਹੁਰੇ ਹਰਵੰਤ ਸਿੰਘ ਤੇ ਸੱਸ ਪਰਵਿੰਦਰ ਕੌਰ ਦੇ ਨਾਂ 'ਤੇ ਰੈਲੀਗੇਅਰ ਹੈਲਥ ਇੰਸ਼ੋਰੈਂਸ ਕੰਪਨੀ ਦੇ ਇੰਸ਼ੋਰੈਂਸ ਦੀ ਮਿਆਦ 12 ਅਪ੍ਰੈਲ 2018 ਤੋਂ 7 ਅਕਤੂਬਰ 2018 ਤੱਕ ਸੀ। ਇਹ ਇੰਸ਼ੋਰੈਂਸ ਇੱਕ ਲੱਖ ਯੂ ਐਸ ਡਾਲਰ ਦਾ ਸੀ। ਇਸ ਲਈ ਉਨ੍ਹਾਂ ਨੂੰ ਓਵਰਸੀਜ਼ ਐਕਸਪਲੋਰ ਕੈਨੇਡਾ ਪਲੱਸ ਪਾਲਿਸੀ ਦਿੱਤੀ ਗਈ ਤਾਂ ਇਸ ਪਿੱਛੋਂ ਉਹ ਕੈਨੇਡਾ ਚਲੇ ਗਏ। ਉਥੇ ਸਿਹਤ ਵਿਗੜਨ 'ਤੇ ਉਨ੍ਹਾਂ ਨੇ ਸਰੀ ਮੈਮੋਰੀਅਲ ਹਾਸਪੀਟਲ ਤੋਂ ਇਲਾਜ ਕਰਵਾਇਆ ਤੇ ਉਹ ਤਿੰਨ ਮਈ 2018 ਤੋਂ 11 ਮਈ 2018 ਤੱਕ ਉਥੇ ਭਰਤੀ ਰਹੇ। ਉਨ੍ਹਾਂ ਨੇ ਫੈਮਿਲੀ ਡਾਕਟਰ ਤੋਂ ਵੀ ਇਲਾਜ ਨਾਲ ਕੁਝ ਮੈਡੀਕਲ ਟੈਸਟ ਕਰਵਾਏ ਸਨ। ਇਸ ਤੋਂ ਬਾਅਦ ਉਨ੍ਹਾਂ ਦੇ ਬਿੱਲ ਵੀ ਜਮ੍ਹਾ ਕਰਵਾ ਦਿੱਤੇ। ਫਿਰ ਅਜਿੰਦਰ ਕੌਰ ਨੇ ਉਨ੍ਹਾਂ ਦਾ 38,040 ਕੈਨੇਡੀਅਨ ਡਾਲਰ ਮੈਡੀਕਲ ਕਲੇਮ ਕੰਪਨੀ ਕੋਲ ਦਾਇਰ ਕੀਤਾ। ਕੰਪਨੀ ਨੇ ਉਨ੍ਹਾਂ ਦਾ ਕਲੇਮ ਰੱਦ ਕਰ ਦਿੱਤਾ। ਕਨਜ਼ਿਊਮਰ ਫੋਰਮ ਨੇ ਕੰਪਨੀ ਨੂੰ ਨੋਟਿਸ ਕੱਢਿਆ ਤਾਂ ਕੰਪਨੀ ਨੇ ਜਵਾਬ ਦਿੱਤਾ ਕਿ ਪਾਲਿਸੀ ਧਾਰਕ ਨੂੰ ਚੈਕਿੰਗ ਤੋਂ ਬਾਅਦ ਕਈ ਹੋਰ ਬਿਮਾਰੀਆਂ ਨਿਕਲੀਆਂ, ਜਿਨ੍ਹਾਂ ਬਾਰੇ ਉਨ੍ਹਾਂ ਨੇ ਪਾਲਿਸੀ ਕਰਾਉਣ ਵੇਲੇ ਦੱਸਿਆ ਨਹੀਂ ਸੀ। ਕੰਪਨੀ ਦੇ ਤਰਕ ਨਾਲ ਫੋਰਮ ਸਹਿਮਤ ਨਹੀਂ ਹੋਇਆ ਤੇ ਕੰਪਨੀ ਨੂੰ ਇੰਸ਼ੋਰੈਂਸ ਦੇ ਵੀਹ ਲੱਖ ਰੁਪਏ ਇਸ ਪਰਵਾਰ ਨੂੰ ਦੇਣ ਦੇ ਲਈ ਹੁਕਮ ਜਾਰੀ ਕਰ ਦਿੱਤੇ।

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਬੀਏ, ਪੀਜੀਡੀਸੀਏ, ਐਮਐਸਸੀ (ਆਈਟੀ) ਤਲਾਕਸ਼ੁਦਾ ਸੁੰਦਰ ਲੜਕੀ, ਕੱਦ 5 ਫੁਟ 3 ਇੰਚ, ਉਮਰ 34 ਸਾਲ, ਲਈ ਕੈਨੇਡੀਅਨ ਪੀ.ਆਰ. ਲੜਕੇ ਦੀ ਲੋੜ ਹੈ (ਬੱਚੇ ਵਾਲੇ ਵੀ ਸੰਪਰਕ ਕਰਨ)। ਕੈਨੇਡਾ ਦਾ ਫੋਨ ਨੰਬਰ +17807298731 ਅਤੇ ਪੰਜਾਬ ਦਾ ਫੋਨ ਨੰਬਰ +919592510431

ਜੱਟ ਸਿਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3", ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1", ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL Manager
IMMIGRATION SERVICES
Visitor Visa
Super Visa
Study,Work,Visitor Extension Visa
Spousal Applications
Family Sponsorship
Permanent Residence Card Renewal
Citizenship Application
All Invitation Letters
OTHER PRACTICES
Criminal Law
Family Law
Power of Attorney
Change of Name
Notarization
Travel Consent
Affidavit
Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਕੰਵਲ ਦੀ ਆਤਮਿਕ ਸਾਂਤੀ ਲਈ ਪਾਇਆ ਸਹਿਜ ਪਾਠ ਦਾ ਭੋਗ

## ਸਰਕਾਰੀ ਕਾਲਜ ਢੁੱਡੀਕੇ ਦੇ ਆਡੀਟੋਰੀਅਮ ਦਾ ਨਾਂ ਜਸਵੰਤ ਸਿੰਘ ਕੰਵਲ ਦੇ ਨਾਮ 'ਤੇ ਰੱਖਣ ਦਾ ਫੈਸਲਾ





ਢੁੱਡੀਕੇ, (ਮੋਗਾ) 10 ਫਰਵਰੀ (ਗਿਆਨ ਸਿੰਘ): ਦੁਨੀਆਂ ਵਿੱਚੋ ਸਭ ਤੋ ਵੱਧ ਦੋਨਾਂ ਪੰਜਾਬਾਂ ਵਿੱਚ ਪੜ੍ਹੇ ਜਾਣ ਵਾਲੇ ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਕੰਵਲ ਜੋ ਕਿ 1 ਫਰਵਰੀ, 2020 ਨੂੰ ਸਵੇਰੇ 8 ਵਜੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ, ਅੱਜ ਉਨ੍ਹਾਂ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ ਉਨ੍ਹਾਂ ਦੇ ਪਿੰਡ ਢੁੱਡੀਕੇ ਦੇ ਗੁਰਦੁਆਰਾ ਉੱਚਾ ਡੇਰਾ ਵਿਖੇ ਪਾਇਆ ਗਿਆ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਮੋਗਾ ਸਤਵੰਤ ਸਿੰਘ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਹਮਦਰਦੀ ਪ੍ਰਗਟਾਈ।

ਉਨ੍ਹਾਂ ਦੱਸਿਆ ਕਿ ਪੰਜਾਬ ਦੇ ਪੇਡੂ ਵਿਕਾਸ ਤੇ ਪੰਚਾਇਤਾਂ, ਪਸੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਉਚੇਰੀ ਸਿੱਖਿਆ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਜੀ ਅੱਜ ਜਸਵੰਤ ਸਿੰਘ ਜੀ ਦੇ ਸਹਿਜ ਪਾਠ ਦੇ ਭੋਗ ਵਿੱਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕਰਨਾ ਚਹੁੰਦੇ ਸਨ ਪ੍ਰੰਤੂ ਪਹਿਲਾਂ ਰੱਖੇ ਗਏ ਬਹੁਤ ਹੀ ਜ਼ਰੂਰੀ ਅਤੇ ਨਾ ਟਾਲੇ ਜਾ ਸਕਣ ਵਾਲੇ ਕੁਝ ਜਰੂਰੀ ਰੁਝੇਵਿਆਂ ਕਾਰਣ ਅਜਿਹਾ ਸੰਭਵ ਨਹੀ ਹੋ ਸਕਿਆ ਅਤੇ ਉਨ੍ਹਾਂ ਨੇ ਆਪਣੇ ਵੱਲੋ ਇਸ ਖਿਮਾ ਲਈ ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਤੋ ਮੁਆਫੀ ਵੀ ਮੰਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਬੋਲੀ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਹਰ ਸੰਭਵ ਕੋਸ਼ਿਸ਼ ਕਰੇਗੀ ਅਤੇ ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਉਪ ਮੰਡਲ ਮੈਜਿਸਟ੍ਰੇਟ ਮੋਗਾ ਸਤਵੰਤ ਸਿੰਘ ਨੇ ਦੱਸਿਆ ਕਿ ਡਾ. ਜਸਵੰਤ ਸਿੰਘ ਦਾ ਜਨਮ 27 ਜੂਨ 1919 ਨੂੰ ਹੋਇਆ। ਉਨ੍ਹਾਂ ਕਿਹਾ ਕਿ ਸਰਦਾਰ ਜਸਵੰਤ ਸਿੰਘ ਕੰਵਲ ਦੇ ਤੁਰ ਜਾਣ ਨਾਲ ਪੰਜਾਬ ਅਤੇ ਪੰਜਾਬੀ ਨੇ ਆਪਣਾ ਉਹ ਮਹਾਨ ਸਪੂਤ ਗਵਾ ਲਿਆ ਹੈ ਜਿਸ ਨੇ ਆਪਣੀ ਸੌ ਸਾਲੀ ਦੀ ਉਮਰ ਵਿੱਚ ਇੱਕ ਸੌ ਇੱਕ ਮਿਆਰੀ ਪੁਸਤਕਾਂ ਲਿਖ ਕੇ ਪੰਜਾਬੀ ਭਾਸ਼ਾ ਨੂੰ ਅਮੀਰ ਕੀਤਾ। ਉਨ੍ਹਾਂ ਨੇ ਹਜ਼ਾਰਾਂ ਨਹੀ ਲੱਖਾਂ ਨਵੇ ਪੰਜਾਬੀ ਪਾਠਕ ਪੈਦਾ ਕਰਕੇ ਪੰਜਾਬੀ ਭਾਸ਼ਾ ਦਾ ਦਾਇਰਾ ਵਿਸ਼ਾਲ ਕੀਤਾ।

ਉਪ ਮੰਡਲ ਮੈਜਿਸਟ੍ਰੇਟ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਜੀ ਦੀ ਯਾਦ ਵਿੱਚ ਸਰਕਾਰੀ ਕਾਲਜ ਢੁੱਡੀਕੇ ਵਿੱਚ ਬਣੇ ਹੋਏ ਆਡੋਟੋਰੀਅਮ ਦਾ ਨਾਂ ਜਸਵੰਤ ਸਿੰਘ ਕੰਵਲ ਦੇ ਨਾਮ ਉੱਤੇ ਰੱਖਣ ਦਾ ਫੈਸਲਾ ਲਿਆ ਹੈ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਵੀ ਕੀਤੀ।

ਉਨ੍ਹਾਂ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਸਹਿਜ ਪਾਠ ਦੇ ਭੋਗ ਵਿੱਚ ਪਾਰਲੀਮੈਂਟ ਮੈਬਰ ਮੁਹੰਮਦ ਸਦੀਕ, ਵਿਧਾਇਕ ਬਾਘਾਪੁਰਾਣਾ ਦਰਸ਼ਨ ਸਿੰਘ ਬਰਾੜ, ਵਿਧਾਇਕ ਧਰਮਕੋਟ ਸੁਖਜੀਤ ਸਿੰਘ ਲੋਹਗੜ੍ਹ, ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ, ਤੋ ਇਲਾਵਾ ਹੋਰ ਸਾਹਿਤਕ ਦੇ ਖੇਤਰ ਨਾਲ ਸਬੰਧਤ ਉੱਘੀਆਂ ਸ਼ਖਸ਼ੀਅਤਾਂ, ਹਾਜ਼ਰ ਸਨ। ਇਸ ਦੌਰਾਨ ਵੱਖ ਵੱਖ ਬੁਲਾਰਿਆਂ ਪ੍ਰਿੰਸੀਪਲ ਸਰਵਣ ਸਿੰਘ , ਸੁਮੇਲ ਸਿੰਘ ਸਿੱਧੂ, ਸਰਦਾਰਾ ਸਿੰਘ ਜੌਹਲ, ਅਮਰਜੀਤ ਗੁਰਦਾਸਪੁਰੀ, ਬੀਰਦਵਿੰਦਰ ਸਿੰਘ, ਸਾਬਕਾ ਮੰਤਰੀ ਤੋਤਾ ਸਿੰਘ, ਸੁਰਜੀਤ ਪਾਤਰ, ਸਵਰਾਜਬੀਰ ਸਿੰਘ, ਜਗਮੀਤ ਬਰਾੜ, ਗੁਰਭਜਨ ਗਿੱਲ, ਤੇਜਵੰਤ ਸਿੰਘ ਮਾਨ, ਸੁਖਦੇਵ ਸਿੰਘ, ਡਾ. ਸੁਰਜੀਤ, ਕਾਮਰੇਡ ਸਵਰਨ ਸਿੰਘ, ਬਲਵੰਤ ਸਿੰਘ ਰਾਮੂੰਵਾਲੀਆ, ਜਸਦੀਪ ਸਿੰਘ ਗਿੱਲ ਅਤੇ ਸਰਪੰਚ ਜਸਵੀਰ ਸਿੰਘ ਨੇ ਜਸਵੰਤ ਸਿੰਘ ਕੰਵਲ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਹੋਰਨਾਂ ਤੋ ਇਲਾਵਾ ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਚੇਅਰਮੈਨ ਜ਼ਿਲ੍ਹਾ; ਪਲੈਨਿੰਗ ਬੋਰਡ ਇੰਦਰਜੀਤ ਸਿੰਘ ਬੀੜਚੜਿੱਕ, ਪੰਜਾਬ ਦੇ ਪ੍ਰਸਿੱਧ ਗਾਇਕ ਹਰਭਜਨ ਮਾਨ, ਮਨਮੋਹਣ ਸਿੰਘ, ਮਲਕੀਅਤ ਸਿੰਘ ਦਾਖਾ, ਜਗਰਾਜ ਸਿੰਘ ਦੌਧਰ ਆਦਿ ਹਾਜ਼ਰ ਸਨ।

ਜਸਵੰਤ ਸਿੰਘ ਨੇ ਆਪਣੀ ਜਿੰਦਗੀ ਦੇ 80 ਸਾਲ ਸਾਹਿਤ ਦੇ ਲੇਖੇ ਲਗਾ ਕੇ 102 ਦੇ ਕਰੀਬ ਕਿਤਾਬਾਂ ਅਤੇ ਨਾਵਲ ਲੇਖਕ ਵਜੋ ਲਿਖੇ। ਉਨ੍ਹਾਂ ਨੇ ਸਾਂਝੇ ਪੰਜਾਬ ਮੌਕੇ 1940 ਤੋ ਹੁਣ ਤੱਕ ਚਰਚਿਤ ਨਾਵਲ ਸੱਚ ਨੂੰ ਫਾਂਸੀ, ਪੂਰਨਮਾਸ਼ੀ, ਪਾਲੀ, ਰਾਤ ਬਾਕੀ ਹੈ, ਮਿੱਤਰ ਪਿਆਰੇ ਨੂੰ, ਹਾਣੀ, ਬਰਫ਼ ਦੀ ਅੱਗ, ਲਹੂ ਦੀ ਲੋਹ, ਜਿੰਦਗੀ ਦੂਰ ਨਹੀ, ਸਮੇਤ ਹੋਰ ਵੀ ਚਰਚਿਤ ਰਚਨਾਵਾਂ ਕੀਤੀਆਂ।

ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਸਤਵੰਤ ਸਿੰਘ ਨੇ ਨਮਨ ਅੱਖਾਂ ਨਾਲ ਕਿਹਾ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਸਾਰੇ ਪੰਜਾਬੀਆਂ ਅਤੇ ਸਾਹਿਤ ਦੇ ਖੇਤਰ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬੀ ਮਾਂ ਬੋਲੀ, ਪੰਜਾਬ, ਪੰਜਾਬੀ, ਪੰਜਾਬੀਅਤ, ਪਿੰਡਾਂ ਅਤੇ ਕਿਸਾਨਾਂ ਬਾਰੇ ਆਪਣੀਆਂ ਰਚਨਾਵਾਂ ਲਿਖੀਆਂ। ਉਨ੍ਹਾਂ ਕਿਹਾ ਕਿ ਜਸਵੰਤ ਸਿੰਘ ਨੂੰ ਸਰਵਸ਼੍ਰੇਸ਼ਟ ਸਾਹਿਤਕਾਰ, ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਰਤਨ, ਸ਼੍ਰੋਮਣੀ ਪੰਜਾਬੀ ਲੇਖਕ ਆਦਿ ਇਨਾਮਾਂ ਨਾਲ ਨਿਵਾਜਿਆ ਗਿਆ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

SIDH SHAKTI
SARRAV SANHJA DARBAR
BABA BALAK NATH JI KA 32ND TORONTO CHALLA
MARCH 15TH, 2020
210 ISLINGTON AVE / ETOBICOKE / M8V 3B6
STARTING AT 11AM, DEPARTING MANDIR AT 1PM DOWN BIRMINGHAM RD
www.sidhshaktibhawan.com / sidhshaktiinfo@gmail.com / Call: (416)-275-4266

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖ਼ਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8
FOR LEASE Lease: $2,599 Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE $120,000 VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।
SOLD Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT INSURED & BONDED EVERY SERVICE WITH WARRANTY SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd. 80 Eastern Ave, Brampton, ON Tel: 905.456.9090

# ਫਿਲਮੀ ਦੁਨੀਆ

## ਗੁੱਸੇ ਵਿੱਚ ਹੱਥ ਪੈਰ ਨਹੀਂ ਚਲਾਉਂਦੀ : ਤਾਪਸੀ ਪੰਨੂ



ਅਭਿਨੇਤਰੀ ਤਾਪਸੀ ਪੰਨੂ ਲਗਾਤਾਰ ਇਤਿਹਾਸਕ ਫਿਲਮਾਂ ਕਰ ਰਹੀ ਹੈ। ਉਸ ਦੀ ਅਗਲੀ ਫਿਲਮ ਅਨੁਭਵ ਸਿਨਹਾ ਨਿਰਦੇਸ਼ਨ ਵਾਲੀ 'ਥੱਪੜ' ਹੈ। ਉਸ ਵਿੱਚ ਉਹ ਵਿਆਹੁਤਾ ਮਹਿਲਾ ਦਾ ਕਿਰਦਾਰ ਨਿਭਾ ਰਹੀ ਹੈ। ਸ਼ਰੇਆਮ ਇੱਕ ਮਹਿਫਲ ਵਿੱਚ ਪਤੀ ਵੱਲੋਂ ਥੱਪੜ ਮਾਰੇ ਜਾਣ ਉੱਤੇ ਉਹ ਉਸ ਦੇ ਆਧਾਰ ਉਤੇ ਤਲਾਕ ਲੈਣਾ ਚਾਹੁੰਦੀ ਹੈ। ਪਿਛਲੇ ਕੁਝ ਅਰਸੇ ਤੋਂ ਫਿਲਮਾਂ 'ਚ ਲਗਾਤਾਰ ਗੰਭੀਰ ਕਿਰਦਾਰ ਨਿਭਾਅ ਰਹੀ ਤਾਪਸੀ ਅਸਲ ਜ਼ਿੰਦਗੀ ਵਿੱਚ ਗੁੱਸੇ ਨੂੰ ਕੰਟਰੋਲ ਕਰਨ ਦੇ ਸਵਾਲ ਦੇ ਜਵਾਬ ਵਿੱਚ ਕਹਿੰਦੀ ਹੈ ਕਿ ਉਸ ਦਾ ਗੁੱਸੇ ਵਾਲਾ ਸੁਭਾਅ ਨਹੀਂ। ਉਹ ਆਮ ਤੌਰ 'ਤੇ ਕਿਸੇ ਨੂੰ ਵੀ ਗਾਲ੍ਹ ਨਹੀਂ ਕੱਢਦੀ। ਜੇ ਉਸ ਨੂੰ ਗੁੱਸਾ ਆਵੇ ਤਾਂ ਆਪਣੀਆਂ ਗੱਲਾਂ ਵਿੱਚ ਉਸ ਨੂੰ ਪ੍ਰਗਟ ਕਰਦੀ ਹੈ, ਗੁੱਸੇ ਵਿੱਚ ਆਪਣੇ ਹੱਥ ਪੈਰ ਨਹੀਂ ਚਲਾਉਂਦੀ। 'ਨਾਮ ਸ਼ਬਾਨਾ' ਤੇ 'ਬੇਬੀ' ਵਰਗੀਆਂ ਫਿਲਮਾਂ ਵਿੱਚ ਆਪਣੇ ਐਕਸ਼ਨ ਲਈ ਤਰੀਫਾਂ ਖੱਟਣ ਵਾਲੀ ਤਾਪਸੀ ਦਾ ਕਹਿਣਾ ਹੈ ਕਿ ਫਿਲਮਾਂ ਵਿੱਚ ਵੀ ਐਕਸ਼ਨ ਤੋਂ ਪਹਿਲਾਂ ਉਹ ਇਹ ਯਕੀਨੀ ਬਣਾਉਂਦੀ ਹੈ ਕਿ ਸਾਹਮਣੇ ਵਾਲੇ ਦੀ ਪੈਡਿੰਗ ਸਹੀ ਤਰ੍ਹਾਂ ਹੋਵੇ, ਤਾਂ ਜੋ ਐਕਸ਼ਨ ਕਰਦਿਆਂ ਉਸ ਨੂੰ ਸੱਟ ਨਾ ਲੱਗੇ। ਤਾਪਸੀ ਮੁਤਾਬਕ ਆਨਸਕਰੀਨ ਉਨ੍ਹਾਂ ਨੇ ਕਿਸੇ ਨੂੰ ਜ਼ੋਰਦਾਰ ਥੱਪੜ ਮਾਰਨ ਵਾਲਾ ਸੀਨ ਅਜੇ ਤੱਕ ਨਹੀਂ ਕੀਤਾ, ਸਿਰਫ ਕਿੱਕ ਤੇ ਪੰਚ ਮਾਰੇ ਹਨ।

## 'ਗੁੰਜਨ ਸਕਸੈਨਾ : ਦ ਕਾਰਗਿਲ ਗਰਲ' ਵਿੱਚ 'ਪ੍ਰਹਾਰ' ਦੇ ਮੇਜਰ ਚੌਹਾਨ ਵਰਗਾ ਹੋਵੇਗਾ ਅੰਗਦ ਬੇਦੀ ਦਾ ਲੁਕ



'ਫਾਲਤੂ', 'ਪਿੰਕ', 'ਸੂਰਮਾ' ਅਤੇ 'ਜੋਇਆ ਫੈਕਟਰ' ਆਦਿ ਫਿਲਮਾਂ ਦੇ ਅਭਿਨੇਤਾ ਅੰਗਦ ਬੇਦੀ ਆਪਣਾ ਜਨਮ ਦਿਨ ਮਨਾ ਰਹੇ ਸਨ। ਛੇ ਫਰਵਰੀ 1983 ਨੂੰ ਦਿੱਲੀ ਵਿੱਚ ਪੈਦਾ ਹੋਏ ਅੰਗਦ ਅਗਲੇ ਦਿਨੀਂ ਧਰਮਾ ਪ੍ਰੋਡਕਸ਼ਨ ਦੇ ਬੈਨਰ ਹੇਠ ਬਣ ਰਹੀ ਫਿਲਮ 'ਗੁੰਜਨ ਸਕਸੈਨਾ : ਦ ਕਾਰਗਿਲ ਗਰਲ' ਵਿੱਚ ਅੰਗਦ, ਗੁੰਜਨ ਦੇ ਭਰਾ ਅਤੇ ਫੌਜੀ ਅਧਿਕਾਰੀ ਅੰਸ਼ੁਮਨ ਸਕਸੈਨਾ ਦਾ ਕਿਰਦਾਰ ਕਰਨਗੇ। ਇਹ ਫਿਲਮ ਕਾਰਗਿਲ ਗਰਲ ਦੇ ਨਾਂਅ ਨਾਲ ਮਸ਼ਹੂਰ ਮਹਿਲਾ ਪਾਇਲਟ ਗੁੰਜਨ ਸਕਸੈਨਾ ਦੀ ਬਾਇਓਪਿਕ ਹੈ। ਫਿਲਮ ਵਿੱਚ ਜਾਨ੍ਹਵੀ ਕਪੂਰ, ਗੁੰਜਨ ਸਕਸੈਨਾ ਦਾ ਕਿਰਦਾਰ ਨਿਭਾਅ ਰਹੀ ਹੈ।

ਜਨਮ ਦਿਨ ਦੇ ਮੌਕੇ ਅੰਗਦ ਨੇ ਆਪਣੇ ਕਿਰਦਾਰ ਦੇ ਬਾਰੇ ਦੱਸਿਆ ਕਿ ਇਸ ਫਿਲਮ ਵਿੱਚ ਉਸ ਦਾ ਕਿਰਦਾਰ ਸਾਲ 1991 ਵਿੱਚ ਰਿਲੀਜ਼ ਹੋਈ ਫਿਲਮ 'ਪ੍ਰਹਾਰ' ਦੇ ਮੇਜਰ ਚੌਹਾਨ ਵਰਗਾ ਹੋਵੇਗਾ। ਇਸ ਫਿਲਮ ਵਿੱਚ ਨਾਨਾ ਪਾਟੇਕਰ ਨੇ ਮੇਜਰ ਚੌਹਾਨ ਦੀ ਭੂਮਿਕਾ ਨਿਭਾਈ ਸੀ। ਸਕਰੀਨ 'ਤੇ ਅੰਗਦ ਦੀ ਉਮਰ 17 ਤੋਂ 21 ਸਾਲ ਦੇ ਵਿੱਚਾਲੇ ਰਹੇਗੀ। ਫੌਜੀ ਅਧਿਕਾਰੀ ਵਾਂਗ ਦਿਸਣ ਲਈ ਉਸ ਨੇ ਮਾਨਸਿਕ ਅਤੇ ਸਰੀਰਕ ਪੱਖੋਂ ਕਾਫੀ ਮਿਹਨਤ ਕੀਤੀ ਤੇ ਲਖਨਵੀ ਬੋਲਚਾਲ ਅਤੇ ਫੌਜ ਦੇ ਅਨੁਸ਼ਾਸਨਾਂ ਨੂੰ ਵੀ ਸਿਖਿਆ। ਸਕਰੀਨ 'ਤੇ ਭਰਾ-ਭੈਣ ਦੇ ਰਿਸ਼ਤੇ ਵਿੱਚ ਸਹੀ ਤਾਲਮੇਲ ਦਿਖਾਉਣ ਲਈ ਅੰਗਦ ਅਤੇ ਜਾਨ੍ਹਵੀ ਨੇ ਇੱਕ ਦੂਸਰੇ ਨਾਲ ਕਾਫੀ ਸਮਾਂ ਬਿਤਾਇਆ। ਇਸ ਫਿਲਮ ਵਿੱਚ ਦੋਵਾਂ 'ਤੇ ਇੱਕ ਗੀਤ ਵੀ ਫਿਲਮਾਇਆ ਗਿਆ ਹੈ। ਫਿਲਮ 'ਗੁੰਜਨ ਸਕਸੈਨਾ : ਦ ਕਾਰਗਿਲ ਗਰਲ' 13 ਮਾਰਚ ਨੂੰ ਰਿਲੀਜ਼ ਹੋਵੇਗੀ।

## 'ਫਰੈਂਡਸ਼ਿਪ' ਨਾਲ ਐਕਟਿੰਗ ਡੈਬਿਊ ਕਰਨਗੇ ਹਰਭਜਨ







ਭਾਰਤੀ ਕ੍ਰਿਕਟ ਟੀਮ ਦੇ ਸਪਿੰਨਰ ਹਰਭਜਨ ਸਿੰਘ ਸਿਲਵਰ ਸਕਰੀਨ 'ਤੇ ਆਪਣਾ ਜਲਵਾ ਬਿਖੇਰਨਗੇ। ਫਿਲਮ 'ਫਰੈਂਡਸ਼ਿਪ' ਨਾਲ ਉਹ ਐਕਟਿੰਗ ਡੈਬਿਊ ਕਰਨ ਦੇ ਲਈ ਤਿਆਰ ਹਨ। ਭਾਰਤੀ ਸਿਨੇਮਾ ਵਿੱਚ ਅਜਿਹਾ ਪਹਿਲੀ ਵਾਰ ਹੋਵੇਗਾ, ਜਦ ਕਿਸੇ ਫਿਲਮ ਵਿੱਚ ਕੋਈ ਕ੍ਰਿਕਟਰ ਲੀਡ ਰੋਲ ਵਿੱਚ ਹੋਵੇਗਾ। ਮੇਕਸ ਨੇ ਟਵਿੱਟਰ ਉਤੇ ਇਸ ਫਿਲਮ ਦਾ ਫਸਟ ਪੋਸਟਰ ਸ਼ੇਅਰ ਕੀਤਾ ਹੈ। ਪੋਸਟਰ ਵਿੱਚ ਕਿਸੇ ਦਾ ਚਿਹਰਾ ਤਾਂ ਨਹੀਂ ਦਿੱਸਦਾ, ਪਰ ਇਸ ਵਿੱਚ ਹਥਕੜੀ ਲੱਗੇ ਹੋਏ ਦੋ ਹੱਥ ਤੇ ਕ੍ਰਿਕਟ ਦਾ ਖਾਲੀ ਮੈਦਾਨ ਜ਼ਰੂਰ ਦਿੱਸਦਾ ਹੈ। ਫਿਲਮ ਦਾ ਨਿਰਦੇਸ਼ਨ ਜੇ ਪੀ ਆਰ ਅਤੇ ਸ਼ਾਮ ਸੂਰਿਆ ਨੇ ਕੀਤਾ ਹੈ। ਇਹ ਹਿੰਦੀ ਦੇ ਨਾਲ ਹੀ ਤਮਿਲ ਵਿੱਚ ਵੀ ਰਿਲੀਜ਼ ਹੋਵੇਗੀ।

## 'ਸੂਰਿਆਵੰਸ਼ੀ' ਦੇ ਸੈੱਟ ਉੱਤੇ ਕੈਟਰੀਨਾ ਨੇ ਲਾਇਆ ਝਾੜੂ




ਇਨ੍ਹੀਂ ਦਿਨੀਂ ਫਿਲਮ ਨੂੰ ਸੁਰਖੀਆਂ ਵਿੱਚ ਬਣਾਈ ਰੱਖਣ ਲਈ ਨਿਰਮਾਤਾ ਅਤੇ ਅਭਿਨੇਤਾ ਫਿਲਮ ਦੇ ਸੈੱਟ ਨਾਲ ਜੁੜੀਆਂ ਖਬਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰੀ ਜਾਂਦੇ ਹਨ। ਪਿਛਲੇ ਹਫਤੇ ਫਿਲਮ 'ਸੂਰਿਆਵੰਸ਼ੀ' ਤੋਂ ਜੈਕੀ ਸ਼ਰਾਫ ਦਾ ਲੁਕ ਸਾਂਝਾ ਕਰਨ ਦੇ ਬਾਅਦ ਸੈੱਟ ਤੋਂ ਨਵਾਂ ਵੀਡੀਓ ਸਾਹਮਣੇ ਆਇਆ ਹੈ। ਅਕਸ਼ੈ ਕੁਮਾਰ ਨੇ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਹੈ, ਜਿਸ ਵਿੱਚ ਕੈਟਰੀਨਾ ਕੈਫ ਸਫੇਦ ਸਲਵਾਰ ਸੂਟ ਵਿੱਚ ਸੈੱਟ 'ਤੇ ਝਾੜੂ ਲਾ ਰਹੀ ਹੈ। ਅਕਸ਼ੈ ਉਨ੍ਹਾਂ ਤੋਂ ਪੁੱਛਦੇ ਹਨ, ''ਕੈਟਰੀਨਾ ਜੀ, ਤੁਸੀਂ ਕੀ ਕਰ ਰਹੇ ਹੋ?' ਜਵਾਬ ਵਿੱਚ ਕੈਟਰੀਨਾ ਕਹਿੰਦੀ ਹੈ, 'ਸਾਫ ਸਫਾਈ।'

ਝਾੜੂ ਲਾਉਂਦੇ ਹੋਏ ਉਹ ਅਕਸ਼ੈ ਨੂੰ ਹਟਣ ਲਈ ਕਹਿੰਦੀ ਹੈ ਅਤੇ ਨਾ ਹਟਣ 'ਤੇ ਉਨ੍ਹਾਂ ਨੂੰ ਝਾੜੂ ਨਾਲ ਹੀ ਹਟਾਉਣ ਲੱਗਦੀ ਹੈ। ਇਸ 'ਤੇ ਅਕਸ਼ੈ ਪੁੱਛਦੇ ਹਨ, 'ਤੁਸੀਂ ਮਾਰ ਕਿਉਂ ਰਹੇ ਹੋ?' ਦੋਵਾਂ ਦੇ ਠਹਾਕਿਆਂ ਨਾਲ ਇਹ ਵੀਡੀਓ ਖਤਮ ਹੁੰਦਾ ਹੈ। ਇਸ ਵੀਡੀਓ ਦੇ ਨਾਲ ਕੈਟਰੀਨਾ ਨੂੰ ਟੈਗ ਕਰਦੇ ਹੋਏ ਅਕਸ਼ੈ ਨੇ ਲਿਖਿਆ, ''ਸੂਰਿਆਵੰਸ਼ੀ ਦੇ ਸੈੱਟ 'ਤੇ ਦਿਸੀ ਸਵੱਛ ਭਾਰਤ ਮੁਹਿੰਮ ਦੀ ਨਵੀਂ ਬ੍ਰਾਂਡ ਅੰਬੈਸਡਰ।''

ਅਕਸ਼ੈ ਤੇ ਕੈਟਰੀਨਾ 'ਹਮ ਕੋ ਦੀਵਾਨਾ ਕਰ ਗਏ', 'ਸਿੰਘ ਇਜ਼ ਕਿੰਗ', 'ਨਮਸਤੇ ਲੰਡਨ' ਅਤੇ 'ਦੇ ਦਨਾ ਦਨ' ਵਰਗੀਆਂ ਕਈ ਫਿਲਮਾਂ ਵਿੱਚ ਇਕੱਠੇ ਕੰਮ ਕਰ ਚੁੱਕੇ ਹਨ। ਆਖਰੀ ਵਾਰ ਇਹ ਜੋੜੀ 'ਤੀਸ ਮਾਰ ਖਾਂ' ਵਿੱਚ ਆਈ ਸੀ। ਰੋਹਿਤ ਸ਼ੈੱਟੀ ਦੇ ਨਿਰਦੇਸ਼ਨ ਵਿੱਚ ਬਣ ਰਹੀ 'ਸੂਰਿਆਵੰਸ਼ੀ' 27 ਮਾਰਚ ਨੂੰ ਰਿਲੀਜ਼ ਹੋਵੇਗੀ। ਇਸ ਵਿੱਚ ਰਣਵੀਰ ਸਿੰਘ ਅਤੇ ਅਜੈ ਦੇਵਗਨ ਵੀ ਮਹਿਮਾਨ ਭੂਮਿਕਾ ਵਿੱਚ ਨਜ਼ਰ ਆਉਣਗੇ। 'ਸੂਰਿਆਵੰਸ਼ੀ' ਦੇ ਇਲਾਵਾ ਇਸ ਸਾਲ ਅਕਸ਼ੈ ਦੀ ਫਿਲਮ 'ਲਛਮੀ ਬੰਬ' ਅਤੇ 'ਪ੍ਰਿਥਵੀਰਾਜ' ਰਿਲੀਜ਼ ਹੋਣਗੀਆਂ।

ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor)
LED Pot Lights ਲਗਵਾਉਣ 'ਤੇ
DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

